S. E. A. C.
Records.
Vol II

ਸਫ਼ਾ ੧੪੭, ਸੀਰੀਅਲ ਨੰ: ੧, ਫ਼ਾਈਲ ਨੰ: ੧੬ (ਫ਼ਸਾਦ)
(੧੯੪੬-੪੭)

ਪੂਰਬੀ ਪੰਜਾਬ ਸਰਕਾਰ ਦਾ ਜ਼ਮੀਨਾਂ ਸੰਬੰਧੀ ਜ਼ਰੂਰੀ ਐਲਾਨ

ਪੂਰਬੀ ਪੰਜਾਬ ਦੀ ਸਰਕਾਰ ਨੇ ਸ਼ਰਨਾਰਥੀਆਂ ਨੂੰ ਵਸਾਉਣ ਲਈ ਬੜੀ ਵਿਚਾਰ ਦੇ ਬਾਅਦ ਫ਼ੈਸਲਾ ਕੀਤਾ ਹੈ ਕਿ ਹੇਠ ਲਿਖੇ ਅਨੁਸਾਰ ਪੱਛਮੀ ਪੰਜਾਬ ਵਿਚੋਂ ਆਏ ਜ਼ਿਮੀਦਾਰਾਂ ਨੂੰ ਆਬਾਦ ਕੀਤਾ ਜਾਏ। ਸ਼ਰਨਾਗਤਾਂ ਨੂੰ ਜ਼ਮੀਨ ਲੈਣ ਅਰ ਅਬਾਦੀ ਸੰਬੰਧੀ ਜ਼ਿਲੇ ਦੇ ਅਫ਼ਸਰਾਂ ਅਰਥਾਤ ਡਿਪਟੀ ਕਮਿਸ਼ਨਰ, ਮਾਲ ਅਫ਼ਸਰ ਅਤੇ ਤਸੀਲਦਾਰ ਨੂੰ ਦਰਖਾਸਤ ਕਰਕੇ ਜ਼ਮੀਨ ਲੈਣੀ ਚਾਹੀਦੀ ਹੈ। ਇਕੱਲੇ ਇਕੱਲੇ ਆਦਮੀ ਦੇ ਦਰਖਾਸਤ ਨਹੀਂ ਦੇਣੀ ਚਾਹੀਦੀ ਬਲਕਿ ਪ੍ਰਵਾਰ ਇਕਠੇ ਹੋਕੇ ਵਸਣਾ ਚਾਹੁਣ ਉਹਨਾਂ ਨੂੰ ਦਸ ਦਸ ਵੀਹ, ਵੀਹ ਘਰਾਂ ਦਾ ਗਰੁਪ ਬਣਾਕੇ ਸਾਂਝੀ ਦਰਖਾਸਤ ਦੇਣੀ ਚਾਹੀਦੀ ਹੈ। ਅਰ ਸਾਂਝੀ ਜ਼ਮੀਨ ਲੈਕੇ ਕਬਜ਼ਾ ਲੈਣਾ ਚਾਹੀਦਾ ਹੈ। ਵੰਡ ਹੇਠ ਲਿਖੇ ਅਨੁਸਾਰ ਹੈ:-

ਪੱਛਮੀ ਪੰਜਾਬ	ਪੂਰਬੀ ਪੰਜਾਬ
(੧) ਨਹਿਰੀ ਆਬਾਦੀ	(੧) ਜਿਸ ਜਿਸ ਜ਼ਿਲੇ ਚੋਂ ਜ਼ਿਮੀਦਾਰ ਗਏ ਹਨ ਅਪਣੇ ਪੁਰਾਣੇ ਪਿੰਡਾਂ ਵਿਚ ਵੱਸਣ।
(੨) ਤਸੀਲ ਕਸੂਰ (ਜਿਹੜੀ ਪਾਕਿਸਤਾਨ ਵਿਚ ਆਈ ਹੈ)	(੨) ਤਸੀਲ ਕਸੂਰ ਦੇ ਉਸ ਹਿਸੇ ਵਿਚ ਜਿਹੜੀ ਜ਼ਿਲਾ ਅੰਮ੍ਰਿਤਸਰ ਵਿਚ ਆਈ ਹੈ।
(੩) ਤਸੀਲ ਲਾਹੌਰ ਦੇ ਜ਼ਿਮੀਦਾਰ	(੩) ਜ਼ਿਲਾ ਹਿਸਾਰ ਦੀ ਸਰਸਾ ਅਤੇ ਫਤਹਿਬਾਦ ਵਿਚ ਆਬਾਦ ਹੋਣਗੇ।
(੪) ਜ਼ਿਲਾ ਸਿਆਲਕੋਟ ਅਤੇ ਤਸੀਲ ਸ਼ਕਰਗੜ੍ਹ ਦੇ ਜ਼ਿਮੀਦਾਰ।	(੪) ਜ਼ਿਲਾ ਗੁਰਦਾਸਪੁਰ ਵਿਚ, ਅਗਰ ਉਥੇ ਜ਼ਮੀਨ ਨਾ ਮਿਲੇ ਤਾਂ ਰਿਆਸਤ ਕਪੂਰਥਲੇ ਵਿਚ।
(੫) ਤਸੀਲ ਡਸਕਾ ਤੇ ਪਸਰੂਰ ਦੇ ਜ਼ਿਮੀਦਾਰ	(੫) ਇਲਾਕਾ ਦੁਰਾਹਾ ਤੇ ਰਿਆਸਤ ਪਟਿਆਲਾ।
(੬) ਜ਼ਿਲਾ ਗੁਜਰਾਂਵਾਲਾ ਦੇ ਜਿਮੀਦਾਰ	(੬) ਜ਼ਿਲਾ ਕਰਨਾਲ ਤੇ ਰਿਆਸਤ ਕਪੂਰਥਲਾ ਵਿਚ।
(੭) ਤਸੀਲ ਵਜ਼ੀਰਾਬਾਦ ਦੇ ਜ਼ਿਮੀਦਾਰ	(੭) ਇਲਾਕਾ ਸੁਨਾਮ ਰਿਆਸਤ ਪਟਿਆਲਾ ਵਿਚ ਜਾਣ
(੮) ਜ਼ਿਲਾ ਸ਼ੇਖੂਪੁਰਾ ਦੇ ਜ਼ਿਮੀਦਾਰ	(੮) ਜ਼ਿਲਾ ਕਰਨਾਲ ਤੇ ਰਿਆਸਤ ਪਟਿਆਲਾ
(੯) ਤਸੀਲ ਚੂਨੀਆਂ ਦੇ ਜ਼ਿਮੀਦਾਰ	(੯) ਜ਼ਿਲਾ ਕਰਨਾਲ ਤੇ ਰਿਆਸਤ ਪਟਿਆਲਾ
(੧੦) ਲੁਬਾਣੇ ਸਿਖ ਜ਼ਿਮੀਦਾਰ	(੧੦) ਤਸੀਲ ਦਸੂਹਾ ਜ਼ਿਲਾ ਹੁਸ਼ਿਆਰਪੁਰ ਵਿਚ ਜਾਣ।
(੧੧) ਰਾਇ ਸਿਖ ਜ਼ਿਮੀਦਾਰ	(੧੧) ਜ਼ਿਲਾ ਫ਼ੀਰੋਜ਼ਪੁਰ ਦੀਆਂ ਤਸੀਲਾਂ ਫ਼ਾਜ਼ਲਕਾ, ਮੁਕਤਸਰ ਤੇ ਫ਼ੀਰੋਜ਼ਪੁਰ ਵਿ
(੧੨) ਰਾਵਲ-ਪਿੰਡੀ ਕਮਿਸ਼ਨਰੀ ਦੇ ਜ਼ਿਮੀਦਾਰ	(੧੨) ਜ਼ਿਲਾ ਅੰਬਾਲਾ ਬਿਨਾ ਤਸੀਲ ਰੋਪੜ ਅਤੇ ਜ਼ਿਲਾ ਲੁਧਿਆਣਾ ਵਿਚ ਜਾਣ।
(੧੩) ਜ਼ਿਲਾ ਮਿੰਟਗੁਮਰੀ, ਝੰਗ ਅਤੇ ਮੁਲਤਾਨ ਦੇ ਪੁਰਾਣੇ ਵਸਨੀਕ।	(੧੩) ਜ਼ਿਲਾ ਲੁਧਿਆਣਾ ਤੇ ਹੁਸ਼ਿਆਰਪੁਰ ਵਿਚ ਜਾਣ।

(੨)

(੧੪) ਜ਼ਿਲਾ ਲਾਇਲਪੁਰ ਦੇ ਪੁਰਾਣੇ ~~[illegible]~~ ਜ਼ਿਮੀਦਾਰ	(੧੪) ਜ਼ਿਲਾ ਹਿਸਾਰ ਦੀਆਂ ਤਸੀਲਾਂ ਸਰਸਾ ਅਤੇ ਫਤਹਿਬਾਦ ਵਿਚ ਜਾਣ।
(੧੫) ਰਿਆਸਤ ਬਹਾਵਲਪੁਰ ਦੇ ਜ਼ਿਮੀਦਾਰ	(੧੫) ਤਸੀਲ ਸਰਸਾ, ਜ਼ਿਲਾ ਹਿਸਾਰ ਅਤੇ ਇਲਾਕਾ ਬਠਿੰਡਾ ਰਿਆਸਤ ਪਟਿਆਲਾ ਵਿਚ ਜਾਣ।
(੧੬) ਜ਼ਿਲਾ ਮੀਆਂ-ਵਾਲੀ, ਮੁਜ਼ਫਰਗੜ੍ਹ, ਡੇਰਾ ਗਾਜ਼ੀਖਾਨ ਦੇ ਪੁਰਾਣੇ ਜ਼ਿਮੀਦਾਰ।	(੧੬) ਜਿਥੇ ਜ਼ਮੀਨ ਪਸੰਦ ਕਰਨ ਅਤੇ ਮਿਲਦੀ ਹੋਵੇ, ਲੈ ਸਕਦੇ ਹਨ।

ਪੂਰਬੀ ਪੰਜਾਬ ਦਾ ਇਲਾਕਾ ਬਰਾਨੀ ਹੈ ਅਤੇ ਅਜਕਲ ਬਾਰਸ਼ ਦਾ ਵੱਤਰ ਕਾਇਮ ਹੈ। ਇਸ ਲਈ ਪੱਛਮੀ ਪੰਜਾਬ ਵਿਚੋਂ ਆਏ ਜ਼ਿਮੀਦਾਰਾਂ ਨੂੰ ਬਹੁਤ ਛੇਤੀ ਉਪਰ ਦਸੇ ਅਨੁਸਾਰ ਜ਼ਮੀਨ ਸੰਭਾਲਕੇ ਵਾਹੀ ਕਰਨੀ ਚਾਹੀਦੀ ਹੈ। ਜ਼ਮੀਨ ਦੀ ਇਹ ਵੰਡ ਖੜੀ ਫ਼ਸਲ ਸਾਂਵਣੀ ਅਤੇ ਬੀਜੀ ਜਾਣ ਵਾਲੀ ਫ਼ਸਲ, ਹਾੜ੍ਹੀ ਵਾਸਤੇ ਹੀ ਕੀਤੀ ਜਾ ਰਹੀ ਹੈ। ਇਸ ਸੰਬੰਧ ਵਿਚ ਹਰ ਅਜਿਹੇ ਆਦਮੀ ਨੂੰ ਜਿਸਦਾ ਗੁਜ਼ਾਰਾ ~~[illegible]~~ ਜ਼ਮੀਨ ਦੀ ਕਾਸ਼ਤ ਉਤੇ ਸੀ, ਭਾਵੇਂ ਉਹ ਮਾਲਕ ਸੀ ਜਾਂ ਮੁਜ਼ਾਰਾ, ਉਸਨੂੰ ਜ਼ਮੀਨ ਮਿਲੇਗੀ। ਜ਼ਮੀਨ ਦੀ ਪੱਕੀ ਵੰਡ ਫੇਰ ਹੋਵੇਗੀ ਜਦੋਂ ਲੋਕ ਬਿਆਈ ਤੋਂ ਵੇਹਲੇ ਹੋ ਜਾਣਗੇ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਪਾਸ ਹਲ, ਪੰਜਾਲੀ ਬੈਲ ਅਰ ਬੀਜ ਆਦਿਕ ਨਹੀਂ। ਇਸ ਲਈ ਸਰਕਾਰ ਨੇ ਫ਼ੈਸਲਾ ਕੀਤਾ ਹੈ ਕਿ ਲੋਕਾਂ ਨੂੰ ਤਕਾਵੀ ਦਿਤੀ ਜਾਵੇ। ਤਕਾਵੀ ਸੰਬੰਧੀ ਦਰਖਾਸਤਾਂ ਅਪਣੇ ਇਲਾਕੇ ਦੇ ਤਸੀਲਦਾਰ ਪਾਸ ਕਰਨੀਆਂ ਚਾਹੀਦੀਆਂ ਹਨ। ਤਕਾਵੀ ਦੀ ਬੇਲੋੜੀ ਮੰਗ ਨਹੀਂ ਕਰਨੀ ਚਾਹੀਦੀ। ਐਸਾ ਨਾ ਹੋਵੇ ਕਿ ਲੋੜਵੰਦ ਆਦਮੀ ਏਸ ਸਹਾਇਤਾ ਤੋਂ ਵਾਂਜੇ ਨਾ ਰਹਿ ਜਾਣ।

<u>ਸਫ਼ਾ ੧੬੬੪ (ਉਹੋ ਫ਼ਾਈਲ)</u>

ਚਿਠੀ ਮਿਤੀ ਨਿਲ ਬੀਬੀ ~~ਗਿਆਨ~~ ਜੀਤ ਕੌਰ ਵਾਈਫ਼ ਔਫ਼ ਸਰਦਾਰ ਕੇਸਰ ਸਿੰਘ ਕਟੜਾ ਜਲਿਆਂਵਾਲਾ ਕੂਚਾ ਕੰਬੋਆਂ, ਅੰਮ੍ਰਿਤਸਰ

<u>ਵਲੋਂ</u>

ਕਲ ਤਕਰੀਬਨ ਗਿਆਰਹ ਵਜੇ ਮੈਂ (ਜੀਤ ਕੌਰ) ਤੇ (ਮੇਰਾ ਜੇਠ) ਸ: ਈਸ਼ਰ ਸਿੰਘ ਜੀ ਆਪਣੇ ਖੂਹ ਤੇ ਜੋ ਮਾਲ ਮੰਡੀ ਤੋਂ ਤਕਰੀਬਨ ੧½ ~~[illegible]~~ ਫ਼ਰਲਾਂਗ ਤੇ ਹੈ) ਮਾਲ ਚਾਰ ਰਹੇ ਸਾਂ। ਮੈਂ ਬਾਗ਼ ਦੇ ਵਿਚ ਦੋ ਮੁਸਲਮਾਨ ਫ਼ੌਜੀਆਂ ਨਾਲ ਤਕਰੀਬਨ ਦਸ ਕੁ ਆਦਮੀ ਬਰਛੀਆਂ ਸਮੇਤ ਵੇਖੇ ਤੇ ਡਰ ਗਈ। ਮੈਂ ਆਪਣੇ ਜੇਠ ਨੂੰ ਆਖਿਆ "ਮਹੀਆਂ ਮੋੜ ਕੇ ਤੁਰ ਚਲੀਏ"। ਉਸ ਕਿਹਾ "ਚੰਗਾ"। ਅਸਾਂ ਮਹੀਆਂ ਮੋੜਨੀਆਂ ਸ਼ੁਰੂ ਕੀਤੀਆ ~~[illegible]~~ ਇਨੀ ਦੇਰ ਨੂੰ ਦੋਵੇਂ ਫ਼ੌਜੀ (ਜਿਨ੍ਹਾਂ ਪਾਸ ਬੰਦੂਕਾਂ ਸਨ) ਮੇਰੇ ਜੇਠ ਵਲ ਵਧੇ ਤੇ ਕਿਸ ਪਾਸੇ ਮੈਨੂੰ ਆਦਮੀ (ਬਰਛੀਆਂ ਵਾਲੇ) ਦਿਸੇ ਸਨ ਉਸ ਪਾਸੇ ਨੂੰ ਇਕ ਮਝ ਧਿਕ ਦਿਤੀ ਤੇ ਆਖਿਆ "ਬਾਬਾ ਇਕ ਮਝ ਓਧਰ ਜਾ ਰਹੀ ਉ ਉਹ ਵੀ ਮੋੜ ਲੈ," ਮੇਰੇ ਜੇਠ ਨੇ ਮੈਨੂੰ ਆਖਿਆ "ਜੀਤ ਕੌਰ ਮਝ ਮੋੜੀਂ" ਪਰ ਮੈਂ ਡਰੀ ਹੋਈ ਸੀ ਇਸ ਲਈ ਅਗੇ ਨਾ ਵਧੀ ਤੇ ਉਹ ਆਪ ਮਝ ਮੋੜਨ ਲਈ ਅਗੇ ਵਧਿਆ। ਅਗੋਂ ਬਰਛਿਆਂ ਵਾਲਿਆਂ ਨੇ ਦੌੜਕੇ ਤੇ ਪਿਛੋਂ ਦੋਹਾਂ ਫ਼ੌਜੀਆਂ ਨੇ ਉਸ ਨੂੰ ਘੇਰ ਲਿਆ ਤੇ ਬਰਛੇ ਮਾਰਨੇ ਸ਼ੁਰੂ ਕਰ ਦਿਤੇ ਤੇ ਉਸ ਦੀਆਂ ਡਾਹਾਂ ਨਿਕਲ ਗਈਆਂ। ਉਸਨੇ ਕਿਹਾ "[illegible]"। [illegible] ਦਿਤੀ। [illegible] ਕਜੀਆਂ

ਮੈਨੂੰ ਪਿਛੋਂ ਵਾਜਾਂ ਮਾਰੀਆਂ "ਮਾਈ ਮੁੜ ਆ, ਕੋਈ ਗਲ ਨਹੀਂ" ਪਰ ਮੈ ਪਿਛੇ ਮੁੜ ਕੇ ਵ
ਵੀ ਨਹੀਂ ਵੇਖਿਆ ਤੇ ਖੂਹ ਤੇ ਪਹੁੰਚ ਗਈ। ਪਰ ਖੂਹ ਤੇ ਕੋਈ ਆਦਮੀ ਨਹੀਂ ਸੀ ਤੇ ਮੈਂ ਘਰ ਵਲ ਨਸ ਪਈ ਤੇ ਘਰ ਦਿਆਂ ਨੂੰ ਖਬਰ ਦਿਤੀ।

<u>ਸਫ਼ਾ ੧੨੧</u> (ਉਹੋ ਫ਼ਾਈਲ)

<u>ਮਾਸਟਰ ਬਸੰਤ ਸਿੰਘ ੳ ਖਾਲਸਾ ਹਾਈ ਸਕੂਲ ਸਰਹਾਲੀ ਜ਼ਿਲਾ ਅੰਮ੍ਰਿਤਸਰ ਦਾ ਮਿਲਟਰੀ ਵਿਰੁਧ ਬਿਆਨ</u>

"ਮੁਸਲਿਮ ਸ਼ਰਨਾਗਤਾਂ ਨੂੰ ਕਢਣ ਲਈ ਮੁਸਲਿਮ ਮਿਲਟਰੀ ਮਾਝੇ ਦੇ ~~[illegible]~~ ਪਿੰਡਾਂ ਵਿਚ ਆਉਂਦੀ ਹੈ। ਉਹਨਾਂ ਨਾਲ ਇਧਰੋਂ ਗਏ ਹੋਏ ਮੁਸਲਮਾਨ ਆ ਜਾਂਦੇ ਹਨ। ਉਹ ਪਿੰਡਾਂ ~~[illegible]~~ ਦੇ ਵੱਡੇ ਵੱਡੇ ਆਦਮੀਆਂ ਦਾ ਨਾਂ ਲਿਖਾ ਕੇ ਨਾਲ ਆਉਂਦੇ ਹਨ। ਮਿਲਟਰੀ ਵਾਲੇ ਆਕੇ ਲੁਟਮਾਰ ਕਰਦੇ ਹਨ। ਭਰਨ ਪੁਰ, ਸੌਦੇ ਪੁਰ, ਤੁਪਾ, ਕੋਖਟਾ, ਸੁਰ ਵਿੰਡ ਟਾਂਟਾਂ ਆਦਿ ਵਿਚ ਬਲੋਚ ਮਿਲਟਰੀ ਨੇ ਮਾਰ ਧਾੜ ਕੀਤੀ ਹੈ। ਭੌਰਨ ਪੁਰ ਤੋਂ ੨੯ ਨੂੰ ਤਿੰਨ ਆਦਮੀ ਪਕੜ ਕੇ ਲੈ ਗਏ। ਨੰਗੇ ਕਰਕੇ ਕਲੂਸ ਕਢਿਆ ਤੇ ਬੇਇਜ਼ਤੀ ਕਰਕੇ ਨਾਲ ਲੈ ਗਏ। ਤਪਾ ਕੋਖਨਾ ਵਿਚ ਮੁਸਲਿਮ ਮਿਲਟਰੀ ਨੇ ਮੇਜਰ ਸ਼ਿੰਗਾਰਾ ਸਿੰਘ ਦਾ ਘਰ ਲੁਟਿਆ ਹੈ, ਹੋਰ ਕਈ ਘਰ ਵੀ ਲੁਟੇ ਲੁਟੇ ਹਨ।

"ਮੈਂ ਮੇਜਰ ਹੁਰੀ ਨੂੰ ਪਟੀ ਵਿਚ ਮਿਲਕੇ ਤੇ ~~[illegible]~~ ਸਃ ਲਾਲ ਸਿੰਘ ਕੰਗ ~~ਅਸਿਸਟੈਂਟ~~ ਮਜਿਸਟ੍ਰੇਟ ਪੱਟੀ ਨੂੰ ਇਹ ਸਾਰੀਆਂ ਗਲਾ ਉਨ੍ਹਾਂ ਦੇ ਨੋਟਿਸ ਵਿਚ ਆਂਦੀਆਂ ਹਨ। ਮੇਜਰ ਹੁਰੀ ਨੇ ਕਿਹਾ ਕਿ ਮੈਂ ਸਾਰੀ ਗਲਬਾਤ ਕਰਨਲ ਨੂੰ ਜਾਕੇ ਜ਼ਰੂਰ ਦਸ ਆਇਆ ਹਾਂ।"

(ਮਿਤੀ_______੮-੯-੧੯੪੭)

<u>ਸਫ਼ਾ ੧੨੨</u> (ਉਹੋ ਫ਼ਾਈਲ)

<u>ਚਿੱਠੀਆਂ ਦਰਦਾਂ ਦੀਆਂ (ਪੰਜਾਬੀ ਅੰਮ੍ਰਿਤਸਰ ਮਿਤੀ ੧੨ ਸਤੰਬਰ, ੧੯੪੭ ਦੇ ਸਫ਼ਾ ੩ ਤੋਂ)</u>।

"ਕਾਦੀਆਂ ਦੇ ਮਿਰਜ਼ਈ ਆਪਣੇ ਅਸਲੀ ਰੂਪ ਵਿਚ
"ਮੁਸਲਿਮ ਮਿਲਟਰੀ ਕੋਈ ਇਕ ਸੌ ਸਿੰਘਾਂ ਨੂੰ ਗੋਲੀ
ਦਾ ਨਿਸ਼ਾਨਾ ਬਣਾ ਚੁਕੀ ਹੈ

{ਪੰਚਾਇਤ ਲੋਲ ਕਲਾਂ ਵਲੋਂ ਸਕਤ੍ਰ ਸ੍ਰੋਃ ਅਕਾਲੀ ਦਲ ਪਾਸ ਦਰਦਨਾਕ ਦਰਖਾਸਤ)}

"ਇਲਾਕਾ ਕਾਦੀਆਂ ਪਿੰਡ ਲੋਲ ਕਲਾਂ ਦੀ ਪੰਚਾਇਤ ਦੇ ਪ੍ਰਧਾਨ ਸਃਕੇਸਰ ਸਿੰਘ ਤੇ ਮੀਤ ਪ੍ਰਧਾਨ ਸਃਗੰਗਾ ਸਿੰਘ ਵਲੋਂ ਦਰਦਨਾਕ ਦਰਖਾਸਤ ਸ੍ਰੋ ਃ ਅਕਾਲੀ ਦਲ ਦੀ ਸੇਵਾ ਵਿਚ ਭੇਜੀ ਗਈ ਹੈ, ਜਿਸ ਵਿਚ ਉਹ ਲਿਖਦੇ ਹਨ ਕਿਃ-

"ਇਲਾਕਾ ਕਾਦੀਆਂ ~~ਪਿੰਡ ਲੋਲ ਕਲਾਂ ਦੇ~~ ਵਿਚ ਪਿਛਲੇ ਦਸਾਂ ਕੁ ਦਿਨਾਂ
[illegible] ਤੇ ਫਿਰ

ਰਾਤ ਇਲਾਕੇ ਵਿਚ ਭੌਂਦੀ ਫਿਰਦੀ ਰਹਿੰਦੀ ਹੈ ਅਤੇ ਜਿਸ ਦਾ ਨਤੀਜਾ ਹੁਣ ਤਕ ਇਲਾਕੇ ਦੇ ਕੋਈ ਇਕ ਸੈ ਸਿੰਘਾਂ ਨੂੰ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾ ਚੁਕਿਆ ਹੈ। ਪਿੰਡ ਸੈਂਦਲ ਵਿਚ ਘਰਾਂ ਵਿਚ ਦਾਖਲ ਹੋ ਕੇ ਇਨ੍ਹਾਂ ਮੁਸਲਮਾਨ ਫ਼ੌਜੀਆਂ ਨੇ ਚਾਰ ਸਿਖ ਗੋਲੀ ਨਾਲ ਮਾਰ ਦਿਤੇ ਹਨ ਅਤੇ ਨੰਬਰਦਾਰ ਤੋਂ ਪੰਜ ਸੌ ਰੁਪਿਆ ਵਸੂਲ ਕਰਨ ਲਈ ਨੂੰ ਕਾਦੀਆਂ ਸਦਿਆ ਗਿਆ। ਏਸੇ ਤਰ੍ਹਾਂ ਪਿੰਡ ਖਜਾਨਾ ਵਿਚ ਇਕ ਸਿਖ ਨੂੰ ਪਿੰਡ ਵਿਚੋਂ ਬਾਹਰ ਸਦ ਕੇ ਗੋਲੀ ਨਾਲ ਉਡਾ ਦਿਤਾ ਗਿਆ। ਪਾਸੀਆਂ ਦੇ ਕਤਲਾਂ ਦੀ ਤਾਂ ਗਲ ਹੀ ਨਾ ਪੁਛੋ। ਇਹ ਫ਼ੌਜੀ ਨਰੋਹ ਜੀਪਾਂ ਪਰ ਸਵਾਰ ਹੋ ਕੇ ਦਿਨ ਰਾਤ ਭੌਂਦੇ ਫਿਰਦੇ ਹਨ ਅਤੇ ਜਿਹੜਾ ਭੀ ਸਿਖ ਨਜ਼ਰ ਆਉਂਦਾ ਹੈ, ਗੋਲੀ ਨਾਲ ਉਡਾ ਦਿਤਾ ਜਾਂਦਾ ਹੈ ਸਾਧਾਰਨ ਪੇਂਡੂ ਇਸ ਗਲ ਨੂੰ ਨਹੀਂ ਸਮਝ ਸਕਦੇ ਕਿ ਇਹ ਫ਼ੌਜੀ ਦੋਸਤ ਹਨ ਜਾਂ ਕਿ ਦੁਸ਼ਮਨ। ਬਹੁਤ ਸਾਰੀ ਜਾਹਲੀ ਫ਼ੌਜ ਭੀ ਕੰਮ ਕਰ ਰਹੀ ਹੈ

"ਇਸ ਚਿਠੀ ਵਿਚ ਅਗੇ ਜਾ ਕੇ ਲਿਖਿਆ ਹੈ ਕਿ "ਇਹ ਗਲ ਪੂਰੀ ਤਸੱਲੀ ਨਾਲ ਆਖੀ ਜਾ ਸਕਦੀ ਹੈ ਕਿ ਇਸ ਕਤਲਾਮ ਵਿਚ ਕਾਦੀਆਂ ਦੇ ਮਰਜ਼ਈਆਂ ਦਾ ਪੂਰਾ ਪੂਰਾ ਹੱਥ ਕੰਮ ਕਰ ਰਿਹਾ ਹੈ। ਇਹ ਮਰਜ਼ਈ ਅਸਾਡੇ ਲੀਡਰਾਂ, ਸਰਕਾਰ ਅਤੇ ਜਨਤਾ ਪਾਸ ਤਾਂ ਅਮਨ ਲਈ ਅਪੀਲਾਂ ਕਰਦੇ ਨਹੀਂ ਥੱਕਦੇ; ਪ੍ਰੰਤੂ ਏਧਰ ਇਹ ਕਰਤੂਤਾਂ ਕਰਕੇ ਇਲਾਕੇ ਨੂੰ ਭੈ ਭੀਤ ਕਰ ਰਹੇ ਹਨ। ਇਲਾਕੇ ਦੇ ਸਿਖਾਂ ਦਾ ਨਕ ਵਿਚ ਦਮ ਕਰ ਦਿਤਾ ਗਿਆ ਹੈ। ਅਤੇ ਉਨ੍ਹਾਂ ਲਈ ਬਾਹਰ ਨਿਕਲਣਾ ਭੀ ਔਖਾ ਹੋ ਗਿਆ ਹੈ। ਇਥੋਂ ਤਕ ਕਿ ਜੇ ਉਹ ਹਾਕਮਾਂ ਤੇ ਲੀਡਰਾਂ ਪਾਸ ਫਰਿਆਦ ਕਰਨ ਵਾਸਤੇ ਭੀ ਨਿਕਲਦੇ ਹਨ ਤਾਂ ਗੋਲੀ ਦਾ ਨਿਸ਼ਾਨਾ ਬਣਾ ਦਿਤੇ ਜਾਂਦੇ ਹਨ। ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਝਟ ਪਟ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ।"

ਸਫ਼ਾ ੨੩, ਸੰਗੀਲ ਨੰਃ ੫, ਫ਼ਾਈਲ ਨੰਃ ੧੬ (ਫ਼ਸਾਦ)
(੧੯੪੬-੪੭)

ਸਕੱਤ੍ਰ, ਸ਼੍ਰੋਃਗੁਃਪ੍ਰਃਕਃਵਲ

ਪਿੰਡ ਭਠੀਆਂ (ਰਿਆਸਤ ਬਹਾਵਲਪੁਰ) ਦੇ ਸਰਦਾਰ ਪਰਤਾਪ ਸਿੰਘ ਤੇ ਉਸਦੇ ਸਾਥੀਆਂ ਦੀ ਚਿਠੀ ੧੨-੧੧-੧੯੪੭ (ਰਿਆੜੀ (ਡਾਕਖਾਨਾ ਅਜਨਾਲਾ, ਜ਼ਿਲਾ ਅੰਮ੍ਰਿਤਸਰ) ਤੋਂ) ਪਿੰਡ ਭਠੀਆਂ ਤੋਂ ਆਏ ਹੋਏ ਸ਼ਰਨਾਗਤਾਂ ਦੇ ਸੰਬੰਧ ਵਿਚ।

"ਸਨਿਮ੍ਰ ਬਿਨੈ ਹੈ ਕਿ ਅਸੀ ਰਿਆਸਤ ਬਹਾਵਲਪੁਰ ਪਿੰਡ ਭਠੀਆਂ ਦੇ ਰਹਿਣ ਵਾਲੇ ਸਾਂ। ਗੜਬੜ ਪੈਣ ਤੇ ਸਾਡੇ ਪਿੰਡ ਵਿਚ ਲਾਗੇ ਦੇ ਸਿੰਘ ਸਾਰੇ ਇਕੱਠੇ ਹੋ ਗਏ। ਸਾਡੇ ਪਾਸ ਸਾਮਾਨ ਭੀ ਕਾਫ਼ੀ ਸੀ ਤੇ ਅਸੀਂ ਮੋਰਚਾ ਬੰਦੀ ਕਰਕੇ ਡਟ ਗਏ। ਸਾਡੇ ਮੁਕਾਬਲੇ ਤੇ ਦਿਹਾਤੀ ਮੁਸਲਮਾਨ ਨਹੀਂ ਸਨ ਆ ਸਕਦੇ। ਮਗਰੋਂ ੨੩-੯-੧੯੪੭ ਨੂੰ ਅਲਾਕੇ ਦਾ ਡਿਪਟੀ ਕਮਿਸ਼ਨਰ ਤੇ ਹੋਰ ਭੀ ਆਹਲਾ ਅਫ਼ਸਰ ਕੁਝ ਮਿਲਟਰੀ ਸਿਪਾਹੀਆ ਨਾਲ ਸਾਡੇ ਪਾਸ ਆਏ। ਉਨ੍ਹਾਂ, ਸਾਨੂੰ ਕਿਹਾ, "ਤੁਹਾਨੂੰ ੨੬-੯-੪੭ ਨੂੰ ਹਿੰਦੁਸਤਾਨ ਵਲ ਰਵਾਨਾ ਕੀਤਾ ਜਾਊ, ਆਪਣੀ ਖਾਣਪੀਣ ਵਾਲੀਆਂ ਚੀਜ਼ਾਂ ਦੀ ਤਿਆਰੀ ਕਰ ਰਖੋ।" ਫਿਰ ੨੬-੯-੪੭ ਨੂੰ ਉਹੋ ਅਫ਼ਸਰ ਸਮੇਤ ਪਠਾਨ ਤੇ ਪੰਜਾਬੀ ਮਿਲਟਰੀ ਦੇ ਸਾਡੇ ਪਿੰਡ ਸਵੇਰੇ ੬ ਵਜੇ ਹੀ ਆ ਗਏ। ਅਸੀ ਉਸ ਵੇਲੇ ੪੦੩੭ ਚਾਰ ਹਜ਼ਾਰ ਸੈਂਤੀ ਦਾ ਹਜੂਮ ਜਮਾ ਸਾਂ। ਡਿਪਟੀ ਕਮਿਸ਼ਨਰ ਨੇ ਸਾਡੇ ਸਾਹਮਣੇ ਕੁਰਾਨ ਹਥ ਤੇ ਰਖਕੇ ਕਸਮ ਖਾਈ ਕਿ, "ਤੁਸੀਂ ਆਪਣੇ ਹਥਿਆਰ ਵਗੈਰਾ ਦੇ ਦਿਓ ਅਸੀਂ ਤੁਹਾਨੂੰ ਬਾ-ਹਿਫ਼ਾਜ਼ਤ ਹਿੰਦੁਸਤਾਨ ਦੀ ਹੱਦ ਵਿਚ ਪਹੁੰਚਾ ਦਿਆਂਗੇ। ਫਿਰ ਅਸਾਂ ਆਪਣੇ ਹਥਿਆਰ ਉਨ੍ਹਾਂ ਦੇ ਹਵਾਲੇ ਕਰ ਦਿਤੇ। ਉਸੇ ਵੇਲੇ ਉਨ੍ਹਾਂ ਸਾਡੇ ੪੦੦ ਚਾਰ ਸੌ ਊਂਠ ਘੋੜੇ ਤੇ ਬਿਸਤਰੇ ਤੇ ਸਾਮਾਨ ਆਦਿ ਸਭ ਖੋਹ ਲਿਆ ਤੇ ਪੈਦਲ ਤੋਰ ਦਿਤਾ। ਜਦ ਅਸੀ ਸ਼ਾਮ ਨੂੰ ਚਕ ੯੪ ਸੌਂਠ ਮੀਲ ਦੇ ਫਾਸਲੇ ਤੇ ਪੁਜੇ ਤਾਂ ਇਕ ਜਗ੍ਹ ਸਾਰਾ ਕਾਫ਼ਲਾ ਬਹਾਕੇ ਤਲਾਸ਼ੀ ਸ਼ੁਰੂ ਕਰ ਦਿਤੀ. ਤਲਾਸ਼ੀ ਕਰਦਿਆ ਉਨ੍ਹਾਂ ਇਕ ਜਨਾਨੀ ਨੂੰ ਬੇਪਤ੍ਰਟ ਕਰਨਾ ਚਾਹਿਆ, ਅਸੀ ਇਨਕਾਰੀ ਕਰ ਦਿਤੀ। ਤਾਂ ਉਨ੍ਹਾਂ ਗੋਲੀ ਨਾਲ ੫੦ ਪੰਜਾਹ ਆਦਮੀ ਮਾਰ ਦਿਤੇ। ਤੇ ਅਗਲੇ ਦਿਨ ਚੰਗੀ ਤਲਾਸ਼ੀ ਕਰਕੇ ੨੭-੯-੪੭

ਨੂੰ ਸਾਨੂੰ ਉਨ੍ਹਾਂ ਚਕ ੯੪ ਤੋਂ ਤੋਰਿਆ। ੨੮ ਦੀ ਸ਼ਾਮ ਨੂੰ ਇੱਕ ਪਾਣੀ ਦੇ ਟੋਬੇ ਤੇ ਪੁਜ ਗਏ ਤੇ ਉਥੇ ਰਾਤ ਰਹੀ ੨੯-੯-੪੭ ਨੂੰ ਅਗੇ ਤੋਰਿਆ ਤੇ ਇੱਕ ਸੁਕੇ ਟੋਬੇ ਤੇ ਲੈ ਗਏ ਤੇ ਪਿਆਸ ਨਾਲ ਇਸ ਦਿਨ ੬੦ ਸੱਠ ਆਦਮੀ ਮਰੇ। ਰਾਤ ਦੇ ਦੋ ਵਜੇ ਉਨ੍ਹਾਂ ਹੁਕਮ ਦਿਤਾ ਕਿ,—ਕਾਫ਼ਲਾ ਤੁਰ ਪਏ ਸਾਡੇ ਜ਼ਿਮੇਵਾਰਾਂ (ਜਥੇਦਾਰਾਂ) ਨੇ ਕਿਹਾ ਕਿ ਹੁਣੇਹੀ ਇਕ ਔਰਤ ਨੂੰ ਬੱਚਾ ਹੋਇਆ ਹੈ। ਜ਼ਰਾ ਦਿਨ ਚੜੇ ਚਲਾਂਗੇ। ਉਨ੍ਹਾਂ ਨੇ ਉਸੇ ਵੇਲੇ ਸ੍ਰਃ ਭਾਗ ਸਿੰਘ ਅਵਤਾਰ ਸਿੰਘ ਗ੍ਰਿਫ਼ਤਾਰ ਕਰਕੇ ਲਾ-ਪਤਾ ਕਰ ਦਿਤੇ ਤੇ ਸਾਡੇ ਤੇ ਆਣਕੇ ਲਾਠੀਆਂ ਤੇ ਬੰਦੂਕਾਂ ਦੇ ਬਟ ਮਾਰ ਮਾਰ ਕੇ ਜਬਰਨ ਤੋਰਿਆ ਗਿਆ। ਉਥੋਂ ਜੈਸਲਮੇਰ ਰਿਆਸਤ ਮੀਲ ਕੁ ਫ਼ਾਸਲੇ ਤੇ ਸੀ ਉਸੇ ਵੇਲੇ ਹੀ ਰਾਤ ਰਾਤ ਸਾਨੂੰ ਰਿਆਸਤ ਜੈਸਲਮੇਰ ਦੀ ਹੱਦ ਵਿਚ ਕਰਕੇ ਸਾਰਾ ਕਾਫ਼ਲਾ ਖਲਾਰ ਕੇ ਨੌਜਵਾਨ ਔਰਤਾਂ ਛਾਂਟ ਕਰ ਲਈਆਂ ਤੇ ਬਾਕੀ ਦਿਆਂ ਤੇ ਮਸ਼ੀਨ ਗੰਨਾਂ ਬੀੜ ਕੇ ਗੋਲੀਆ ਚਲਾਉਣੀਆਂ

[illegible] ਤੇ ਜਾਣਦੇ ਜਿਥੋਂ ੯੯੦ ਦੇ ਸੌ ਮੌਨ ਆਦਮੀ ਨਸ

ਕੇ ਬਰੇ, ਇਨ੍ਹਾਂ ਵਿਚੋਂ ੫੦ ਪੰਜਾਹ ਆਦਮੀ ਅਜੇ ਜੋਧਪੁਰ ਜ਼ਖਮੀ ਪਏ ਹੋਏ ਹਨ। ਤੇ ੭੦੦ ਜਨਾਨੀ ਲੈ ਗਏ। ਅਸਾਂ ਜੈਸਲਮੇਰ ਦੇ ਆਹਲਾ ਅਫ਼ਸਰਾਂ ਨੂੰ ਜਾਕੇ ਸਾਰਾ ਸਮਾਚਾਰ ਦਸਿਆ; ਤੇ ਦਿੱਲੀ ਤੇ ਅੰਮ੍ਰਿਤਸਰ ਸ਼੍ਰੋ:ਕ: ਦੇ ਪਤੇ ਤੇ ੧੦ [illegible] ਨੂੰ ਤਾਰਾਂ ਦਿਤੀਆਂ।

*ਨੋਟ:- ਮੁਸਲਮ ਮਿਲਟਰੀ ਦੇ ਨਾਲ ਇਲਾਕੇ ਦੇ ਕੁਲ ਨੰਬਰਦਾਰਾਂ ਦੇ ਨਾਮ ਇਹ ਹਨ:-

(੧) ਹਜ਼ੂਰ ਬਖਸ਼ ਜ਼ੈਲਦਾਰ, ਸਾਂਗੀ, ਥਾਣਾ, ਰਹੀਮ ਯਾਰਖਾਂ
(੨) ਗੁਲਾਮ ਰਸੂਲ ਨੰਬਰਦਾਰ, ਰਾਜੇ " ਰਹੀਮ ਯਾਰਖਾਂ
(੩) ਨਿਹਾਲ, ਚਾਚੜ, ਬਦਮਾਸ਼ ਪਿੰ: ਢੇਰਾ " "
(੪) ਲਾਲੂ " " ਚਕ ੧੩(੯੩) " "
(੫) ਨੰਬਰਦਾਰ ਸੈੱਛ ਗਾਮਨ " "
(੬) ਗੁਲਾਮ ਰਸੂਲ, ਬਲੋਚ ਪਿੰ: ਕੁਤਬ ਦਾ ਕੋਟ "

"ਅਗਵਾ ਸ਼ੁਦਾ ਜਨਾਨੀਆਂ ਦੇ ਕੁਝ ਨਾਮ:- (੧) ਤੇਜ ਕੌਰ (੨) ਗੁਰਬਚਨ ਕੌਰ (੩) ਹਰਬੰਸ ਕੌਰ (੪) ਕਰਮ ਕੌਰ (੫) ਨਾਮ੍ਹ ਕੌਰ (੬) ਚਿੱਤ ਕੌਰ (੭) ਪ੍ਰਸਿੰਨ ਕੌਰ (੮) ਬਲਵੰਤ ਕੌਰ।

" ਸਨਿਮ੍ਰ ਬੇਨਤੀ ਹੈ ਕਿ ਸਾਡੀਆਂ ਅਗਵਾ ਹੋਈਆਂ ੭੦੦ ਔਰਤਾਂ ਨੂੰ ਵਾਪਸ ਕਰਾਉਣ ਲਈ ਮਿਲਟਰੀ ਹੈਡ ਕੁਆਰਟਰ ਨੂੰ ਜ਼ੋਰਦਾਰ ਚੀਠੀ ਜਾਵੇ, ਤੇ ਮਿਲਟਰੀ ਕਾਰਵਾਈ ਸਾਡੇ ਵਿਚੋਂ ਕੋਈ ਆਦਮੀ ਨਾਲ ਲਜਾਇਆ ਜਾਵੇ। ਜਿਹੜਾ ਕਿ ਮਿਲਟਰੀ ਨੂੰ ਚੰਗੀ ਤਰ੍ਹਾਂ ਗਾਈਡ ਕਰਵਾ ਸੱਕੇ।

" ਆਪ ਜੀ ਦੀ ਬੜੀ ਹੀ ਕ੍ਰਿਪਾ ਹੋਵੇਗੀ।"

ਸਫ਼ਾ ਨੰ: ੪੬, ਸੀਰੀਅਲ ਨੰ: ੭, ਫ਼ਾਈਲ ਨੰ: ੧੬ (ਫ਼ਸਾਦ)
(੧੯੪੬-੪੯)

ਗਿਆਨੀ ਰਵੇਲ ਸਿੰਘ ਜੀ ਦੀ ਤਿਆਰ ਕੀਤੀ ਰਾਵਲਪਿੰਡੀ
ਅਤੇ ਜੇਹਲਮ ਦੇ [illegible] ਬਰਬਾਦ ਹੋਏ ਪਿੰਡਾਂ ਦੀ ਲਿਸਟ।
(ਮਿਤੀ ੧-੫-੧੯੪੭)

"ਤਾਰ ਆਪ ਜੀ ਦੀ ਮਿਲੀ। ਜ਼ਿਲਾ ਰਾਵਲਪਿੰਡੀ ਤੇ ਜੇਹਲਮ ਦੇ ਬਰਬਾਦ ਹੋਏ ਪਿੰਡਾਂ ਦੀ ਲਿਸਟ ਭੇਜ ਰਿਹਾ ਹਾਂ। ਜ਼ਿਲਾ ਕੈਮਲਪੁਰ ਦੇ ਪਿੰਡਾਂ ਦੇ ਨਾਮ ਭੇਜਣ ਮਾਸਟਰ ਨੰਦ ਸਿੰਘ ਨੂੰ ਭੇਜ ਆਇਆ ਹਾਂ। ਉਹ ਆਸ ਹੈ ਕਿ ਅਜ ਹੀ ਆਪ ਨੂੰ ਕੈਮਲਪੁਰ ਦੇ ਪਿੰਡਾਂ ਦੀ ਫ਼ਹਿਰਿਸਤ ਭੇਜ ਦੇਣਗੇ।"

"ਜ਼ਿਲਾ ਰਾਵਲਪਿੰਡੀ, ਤਸੀਲ ਗੁਜਰਖ਼ਾਨ,

ਥਾਣਾ ਮੰਦਰਾ:-

(੧) ਪੁੰਗਰੀਲਾ, (੨) ਕੁਰੀ ਦਲਾਲ, (੩) ਹਰਨਾਲ, (੪) ਬੰਠ,
(੫) ਸੰਜੋਟ, (੬) ਮੰਦਰਾ, (੭) ਨੋਡਫ਼,—

ਥਾਣਾ ਗੁਜਰਖ਼ਾਨ:-

(੮) ਟਲ ਖ਼ਾਲਸਾ, (੯) ਭਗਾਣਾ ਘੜਿਆਲਾਂ, (੧੦) ਬਚਿਆਲ ਬ੍ਰਾਹਮਣਾਂ
(੧੧) ਭਗਾਣਾ, (੧੨) ਮਾਣਕਿਆਲਾ, (੧੩) ਜੰਡਾ, (੧੪) ਬੇਵਲ,
(੧੫) ਕੌਂਤਰੀਲਾ, (੧੬) ਕਾਜ਼ੀਆਂ,

ਥਾਣਾ ਜਾਤਲੀ:-

(੧੭) ਮਾੜੀ ਬੀਰ, (੧੮) ਪੰਜ ਗਰਾਈਂ, (੧੯) ਸੱਯਦ ਕਸਰਾਂ;
(੨੦) ਟਾਂਵੀਂ, (੨੧) ਨੜਾਲੀ, (੨੨) ਦਰਕਾਲੀ ਖ਼ੁਰਦ,
(੨੩) ਤਰਕਵਾਲ, (੨੪) ਗੋਰਸੀਆਂ, (੨੫) ਆਦੀ, (੨੬) ਦੇਵ,
(੨੭) ਮਾਛੀਆ, (੨੮) ਡੇਰਾ ਬਖ਼ਸ਼ੀਆਂ, ~~(੨੯) [illegible]~~
(੨੯) ਹਰਿਆਲ ਥਾਣਾ ਮੰਦਰਾ, (੩੦) ਸੰਗੋਟ ਥਾਣਾ ਮੰਦਰਾ,
(੩੧) ਭਾਪੁਰ ਥਾਣਾ ਗੁਜਰਖ਼ਾਨ, (੩੨) ਬੇਹਗਮ ਥਾਣਾ ਗੁਜਰਖ਼ਾਨ,
(੩੩) ਗੁਲਿਆਣਾ ਥਾਣਾ ਗੁਜਰਖ਼ਾਨ, (੩੪) ਭਨੇਰ ਕਸਵਾਲ ਥਾਣਾ ਗੁਜਰਖ਼ਾਨ.

ਤਸੀਲ ਕਹੂਟਾ ਥਾਣਾ ਕਲਰ:-

(੧) ਅਨਡੋਹਾ, (੨) ਚੋਹਾ ਖ਼ਾਲਸਾ, (੩) ਦੋਬੇਰਨ, (੪) ਕਲਰ,
(੫) ਕੂਣੀ, (੬) ਭਿੜ ਭੇਟੂ

ਥਾਣਾ ਕਹੂਟਾ:-

(੧) ਬਆੜ, (੨) ਬਲਾੜ, (੩) ਬੰਡਿਆ, (੪) ਭੰਗਾਲ,
(੫) ਭੌਣ, (੬) ਛਨੀ, (੭) ਡੇਰਾ ਖ਼ਾਲਸਾ, (੮) ਦਰਾਨਕੋਟ,
(੯) ਦੁਬੇਰਨ, ~~(੧੦)~~ ਰਾਜਗਰਾਂ (੧੦) ਗੜਾਲਾ, (੧੧) ਹਨਸੇਰ,
(੧੨) ਹੋਥਲਾ, (੧੩) ਜੰਦੂਰ, (੧੪) ਕਹੂਟਾ, (੧੫) ਕਹੂਟੀ,
(੧੬) ਖੰਡੇਲ, (੧੭) ਕਰੇਲ, (੧੮) ਲਹਿਤਰਾੜ (੧੯) ਮਨਿਆਂਦ,
(੨੦) ਨਾਰਾ, (੨੧) ਨਾਵਨ, (੨੨) ਓਸਲ, (੨੩) ਪੰਜਾੜ,
(੨੪) ਪੰਜੇਟਾ, (੨੫) ਸਹਿਓਟ, (੨੬) ਤਾਹਰੀ, (੨੭) ਪਮਾਲੀ,

(੨)

(੨੮) ਠੰਡਾ ਪਾਣੀ ਕਬੂਟਾ, (੨੯) ਬੋਹਾ ਖਾਲਸਾ, (੩੦) ਕਨੋਹਾ,

ਤਸੀਲ ਮਰੀ ਥਾਣਾ ਕੋਟਲੀ

(੧) ਕਰੋੜ, (੨) ਚੋਕ ਟਾਹਲੀ, (੩) ਫਲਕੋਟ, (੪) ਨੋੜੀਠਾ,
(੫) ਬਾਬਲ, (੧੬) ਚਲਾਵੜਾ, (੭) ਸੈਗਨ, (੮) ਢਾਂਡਾ,
(੯) ਡੁਗਲ

ਥਾਣਾ ਮਰੀ

(੧) ਰੋਹਲ, (੨) ਤਰੇਠ, (੩) ਫੇਲਾ ਕਠੋਟ (੪) ਝੀਕਾ ਗਲ,
(੫) ਏਵਲ, (੬) ਬਗਲਾ, (੭) ਪੋਠ, (੮) ਨੋਆਰ ਟੋਪਾ,
(੯) ਛੜਾ ਪਾਣੀ, (੧੦) ਕਸ਼ਮੀਰੀ ਬਾਜ਼ਾਰ, (੧੧) ਮੋਹੜਾ ਸੈਂਖਦ,
(੧੨) ਘੀਗੂੰਗੀ

ਤਸੀਲ ਰਾਵਲਪਿੰਡੀ ਥਾਣਾ ਰਵਾਤ

(੧) ਬੈਂਦਾ, (੨) ਬਸਾਲੀ, (੩) ਤਾਪੜੀ, (੪) ਮੁਗਲ,
(੫) ਸਾਗਰੀ, (੬) ਸਿਹਾਲਾ, (੭) ਤਖ਼ਤਪੜੀ, (੮) ਨਨੜਾਲੀ

ਥਾਣਾ ਸੈਗਜਾਨੀ :-

(੧) ਟੈਕਸਲਾ (੨) ਵਨੀ, (੩) ਮੋਹੜੀ ਖਵਾਲੇ ਪਟੜਾਂ,
(੪) ਕੋਟ ਕਾਲੀਆਂ, (੫) ਖੁਰਮ:ਪਰਾਚਾ, (੬) ਮੋਹੜਾ ਸ਼ਾਹ ਵਲੀਸ਼ਾਹ,
(੭) ਮੋਠੋ

ਥਾਣਾ ਭਾਰਾਕਹੂ :-

(੧) ਕ੍ਰਿਪਾ, (੨) ਕੁਰੀ ਬਾਬਾ ਭਾਗ ਸਿੰਘ, (੩) ਅਠਾੜਾਲਾ,
(੪) ਭਾਰਾਕਹੂ, (੫) ਕੁੱਲੇ ਕੁਰੀ, (੬) ਝੰਗ ਸੈਂਧਦਾਂ (੭) ਚਾਵਲਾ
ਪਣਨ, (੮) ਚੋਕ ਬੇਲਾਰਾ

ਥਾਣਾ ਰਾਵਲਪਿੰਡੀ

(੧) ਗਿਰਜਾ ਚੋਕ, (੨) ਧਮਿਆਲ, (੩) ਅੜਿਆਲਾ, (੪) ਤਰਲਾਹੀ,
(੫) ਆਦੜਾ, (੬) ਮਿਸ਼ਰੋਟ (੭) ਰਾਵਲ, (੮) ਭਨਰਤੋਪ,
(੯) ਟੈਂਚ ਭਾਟਾ, (੧੦) ਚਕ ਧਰਮ ਸਿੰਘ, (੧੧) ਗੋਰਖਪੁਰ,
(੧੧) ਸ਼ਾਹਪੁਰ, (੧੨) ਚਕਲਾਲਾ, (੧੩) ਲਾਲਕੁੜ

ਰਾਵਲਪਿੰਡੀ ਸਦਰ :-

(੧) ਚੋਕ ਰਤਾ, (੨) ਬੈਂਦਾ ਨਗਿਅ

ਜ਼ਿਲਾ ਜੇਹਲਮ :- (੧) ਸਰਕਾਲ ਕਸਰ, ਨਤਫ਼ੂਲ, (੩) ਗਿਵਾਲ,
(੪) ਨਾਰੰਗ, (੫) ਘੁਨ, (੬) ਗੋਹਾ, (੭) ਢੁਡਿਆਲ,
(੮) ਮਣੀਵਾਲ, (੯) ਵਰਵਾਲ, (੧੦) ਰੁਪਵਾਲ

ਨੰਬਰ ਸੁਮਾਰ	ਨਾਮ ਮੌਜ਼ਿਆ	ਥਾਨਾ, ਤਸੀਲ, ਜ਼ਿਲਾ	ਕਿਤਨੇ ਸਖਸ਼ ਕਤਲ ਹੋਏ	ਕਿਤਨੇ ਮਕਾਨ ਜਲਾ ਦਿਤੇ ਗਏ	ਕਿਤਨੇ ਮਾਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਨਾਏ ਗਏ	ਕਫ਼ੀਅਤ
(੧)	ਉਧੋਵਾਲ	ਚੋਤਰਾਂ ਜ਼ਿਲਾ ਅਟਕ ਤਸੀਲ ਫਤੇ ਜੰਗ	ਇਕ ਕਤਲ ਹੋਇਆ	੧੫ ਮਕਾਨ ਸੜੇ	੨੫੦ ਘਰ ਲੁਟੇ	੧੫ਆਦਮੀ ਮੁਸਲਮਾਨ ਬਨਾਏ ਗਏ	ਲੋਕੋਂ ਨੇ ਮਿਲਟਰੀ ਕੀ ਮਦਦ ਸੇ ਉਰਤੋਂ ਅਰ ਮਰਦੋਂ ਕੋ ਬਚਾ ਲੀਆ।
(੨)	ਚੋਂਤਰਾਂ	ਚੋਂਤਰਾਂ	ਕੋਈ ਕਤਲ ਨਹੀਂ ਹੋਇਆ	ਤਿਨਾ ਮਕਾਨਾ ਨੂੰ ਅਗ ਲਗਾਈ ਗਈ	੧੬ ਮਕਾਨ ਲੁਟੇ ਗਏ	੨੦ ਆਦਮੀ ਤੇ ਉਰਤਾਂ ਤੇ ਬਚੇ	
(੩)	ਸੈਗਰਾਲ	"	ਕੋਈ ਕਤਲ ਨਹੀਂ ਹੋਇਆ	੩ ਘਰ ਸਾੜੇ ਗਏ	੧੨ ਘਰ ਲੁਟੇ ਗਏ		
(੪)	ਚਕਰੀ	"	ਪੰਜ ਕਤਲ ਹੋਏ	੨੦੦ ਘਰ ਸਾੜੇ ਗਏ	੨੦੦ ਘਰ ਲੁਟੇ ਗਏ	੬ ਆਦਮੀ ਤੇ ਉਰਤਾਂ ਮਸਲਮਾਨ ਹੋਏ	ਗੁਰਦਵਾਰਾ ਨਹੀਂ ਜਲਾ
(੫)	ਪਰਘਾਲ	[illegible]	੧੫੭ ਕਤਲ ਹੋਏ		੫੦ ਘਰ ਲੁਟੇ ਗਏ	x	ਤਿਨ ਗੁਰਦਵਾਰੇ ਸਾੜੇ ਗਏ
(੬)	ਫੇਰੀ	"	੧੩ ਕਤਲ ਹੋਏ	੧੫ ਸੜੇ ਗਏ	੬੦ ਲੁਟੇ ਗਏ	੧੫੦ ਮਰਦ ਉਰਤਾਂ ਮੁਸਲਮਾਨ ਹੋਏ	ਤਿਨ ਅਗਵਾ
(੭)	ਕੈਗਾਂਵਾਲਾ	"	ਤਿਨ ਆਦਮੀ ਕਤਲ	੫੦ ਘਰ ਸਾੜੇ ਗਏ	੯੦ ਲੁਟੇ ਗਏ	੧੦੦ ਮਰਦ ਤੇ ਓਰਤਾਂ ਮਸਲਮਾਨ ਹੋਏ	ਭਗਤ ਸਿੰਘ ਬਲਵਾਉਨ ਸੇ ਲੜੇ ਅਰ ਲੜ ਕੇ ਮਰਾ
(੮)	ਸਰਵੀਆ	"	ਕੋਈ ਕਤਲ ਨਹੀਂ ਹੋਇਆ	ਸਿਰਫ਼ ਗੁਰਦਵਾਰਾ ਜਲਾਇਆ ਗਿਆ	੩੦ ਮਕਾਨ ਲੁਟੇ ਗਏ	x	

(ਸਾਫ਼ਾ ੬, ਸੀਰੀਅਲ ਨੰ: ੧੨, ਫ਼ਾਈਲ ਨੰ: ੧੬, (ਫ਼ਸਾਦ) (੧੯੪੬-੪੯))

ਨੰਬਰ ਸ਼ੁਮਾਰ	ਨਾਮ ਪਿੰਡ	ਥਾਨਾ, ਤਸੀਲ, ਜ਼ਿਲਾ	ਕਿਤਨੇ ਸ਼ਖਸ਼ ਕਤਲ ਹੋਏ	ਕਿਤਨੇ ਮਕਾਨ ਜਲਾ ਦਿਤੇ ਗਏ	ਕਿਤੇ ਨੇ ਮਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਨਾਏ ਗਏ	ਕਫ਼ੀਅਤ
(੯)	ਘੀਲ ਕਲਾ	ਰੋਹਤਾਂ ਜ਼ਿਲਾ ਅਟਕ	੨ ਕਤਲ ਹੋਏ	੧੩ ਮਕਾਨ ਸਾੜੇ ਗਏ	੧੪ ਲੁਟੇ ਗਏ	੭੦ ਆਦਮੀ ਤੇ ਉਰਤਾਂ ਮੁਸਲਮਾਨ ਹੋਏ	੨ ਗੁਰਦਵਾਰੇ ਸਾੜੇ ਗਏ
(੧੦)	ਫਲਆਲ	"	x	੨ " "	੯ "	੧੦ ਮਰਦ ਉਰਤਾਂ ਮਸਲਮਾਨ ਬਨਾਏ	੨ ਗੁਰਦਵਾਰੇ ਸਾੜੇ ਗਏ
(੧੧)	ਫਡੇੜ (ਢੁਡੰਬਰ)	"	x	੭ ਮਕਾਨ ਸਾੜੇ(ਗਏ)	੭੫ "	੧੬ ਆਦਮੀ ਮਸਲਮਾਨ ਬਨਾਏ ਗਏ	੧ ਗੁਰਦਵਾਰਾ ਸਾੜਿਆ ਗਿਆ
(੧੨)	ਫਾਹਾਨ	"	੯੬ ਮਰਦ ਉਰਤਾਂ ਕਤਲ ਹੋਏ	੫੮ " "	੬੦ "	੨੪ ਮਸਲਮਾਨ ਬਨਾਏ ਗਏ	੬ ਲੜਕੀਆਂ ਵਿਚੋਂ ੪ ਵਾਪਸ ਦੇ ਨਾ ਪਤਾ ੩੨ ਗੁਰਦਵਾਰੇ ਸਾੜੇ ਗਏ
(੧੩)	ਮਜਾਹਦ	"	੪ ਕਤਲ ਹੋਏ	੬ ਸਾੜੇ ਗਏ	੪੦ ਲੁਟੇ ਗਏ	੫੦ ਮੁਸਲਮਾਨ ਬਨਾਏ ਗਏ	ਇਕ ਗੁਰਦਵਾਰਾ ਸਾੜਿਆ
(੧੪)	ਰੋਹੀ ਚੁੜਾ	"	x	੨ "	੧੨"	੬੩ ਮੁਸਲਮਾਨ ਬਨਾਏ	ਇਕ ਗੁਰਦਵਾਰਾ ਲੁਟਿਆ ਗਿਆ।
(੧੫)	ਸਿਹਾਲ	"	x	੧ ਸਾੜਿਆ ਗਿਆ	x	੧ ਮਸਲਮਾਨ ਬਨਾਇਆ	ਇਕ ਗੁਰਦਵਾਰਾ ਸਾੜਿਆ ਗਿਆ
(੧੬)	ਤਤਰਾਲ	"	੧ ਕਤਲ ਹੋਇਆ	੪ ਸਾੜੇ ਗਏ	੨੦ ਘਰ ਲੁਟੇ ਗਏ	੭੦ ਮੁਸਲਮਾਨ ਬਨਾਏ ਗਏ	੧ ਗੁਰਦਵਾਰਾ ਸਾੜ ਦਿਤਾ ਗਿਆ

ਨੰਬਰ ਸ਼ੁਮਾਰ	ਥਾਨਾ, ਤਸੀਲ, ਜ਼ਿਲਾ	ਨਾਮ ਮੌਜ਼ੀਆ	ਕਿਤਨੇ ਸ਼ਖ਼ਸ ਕਤਲ ਹੋਏ	ਕਿਤਨੇ ਮਕਾਨ ਜਲਾ ਦਿਤੇ ਗਏ	ਕਿਤਨੇ ਮਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਣਾਏ ਗਏ	ਕੈਫ਼ੀਅਤ
(੧੭)	ਰੋਹਤਕ	ਚਰਖੋਲੀ ਖਾਨ	X	੫ ਮਕਾਨ ਸਾੜੇ ਗਏ	੭੦ ਘਰ ਲੁਟੇ ਗਏ	੩੦੦ ਮੁਸਲਮਾਨ ਬਣਾਏ	੧ ਗੁਰਦਵਾਰਾ ਸਾੜ ~~ਸੁਆਹ~~ ਦਿਤਾ ਗਿਆ
(੧੮)	"	ਰਾਜੜ	੧੮੫ ਕਤਲ ਹੋਏ	੧੨੫ ਘਰ ਸਾੜੇ ਗਏ	੧੫੦ ਘਰ ਲੁਟੇ ਗਏ	੮੦ ਆਦਮੀ ਮੁਸਲਮਾਨ ਬਣਾਏ ਗਏ	੧੦ ਲੜਕੀਆਂ ਅਗਵਾ ਕੀਤੀਆਂ ਗਈਆਂ ੫ ਵਾਪਸ। ਦੋ ਗੁਰ-ਦਵਾਰੇ ਸਾੜੇ ਗਏ।
(੧੯)	"	ਤਲਾਗਾਂਗ	੮ ਕਤਲ ਹੋਏ	੩੦ ਸਾੜੇ ਗਏ	੩੦ ਮਕਾਨ ਲੁਟੇ ਗਏ	੭੦ ਮੁਸਲਮਾਨ ਬਣਾਏ ਗਏ	੧ ਗੁਰਦਵਾਰਾ ਸਾੜ ਦਿਤਾ ਗਿਆ। ਸੰਤ ਚਰਨ ਜੀਤ ਸਿੰਘ ਨੇ ਬਲਵਾਈਆਂ ਦਾ ਮੁਕਾਬਲਾ ਕੀਤਾ ਤੇ ਬਹੁਤ ਸਾਰੇ ਮਾਰੇ.
			੨੯੩ ਕਤਲ ੧੮੧ " ੪੭੪ ਕਤਲ ਹੋਏ	੫੮੯ ਘਰ ਸਾੜੇ ਗਏ	੮੯੮ ਘਰ ਲੁਟੇ ਗਏ	੧੧੮੪ ਮੁਸਲਮਾਨ ਬਣਾਏ ਗਏ ੧੯ ਲੜਕੀਆਂ ਅਗਵਾ ੯ ਵਾਪਸ ੧੦ ਲੜਕੀਆਂ ਬਕਾਇਆ	੨੬ ਗੁਰਦਵਾਰੇ ਸਾੜੇ ਦਿਤੇ ਗਏ

ਸੂਬਾ ਸਰਹੱਦੀ, ਸੀਰੀਅਲ ਨੰ: ੧੨, ਫ਼ਾਈਲ ਨੰ: ੧੬ (ਫ਼ਸਾਦ) (੧੯੪੬-੪੭)

ਤਸੀਲ ਹਸਨਅਬਦਾਲ ਜ਼ਿਲਾ ਅਟਕ ਦੇ ਪਿੰਡਾਂ (ਫ਼ਸਾਦ ਪੀੜਿਤ) ਦੀ ਲਿਸਟ

ਨੰਬਰ ਸ਼ੁਮਾਰ	ਨਾਮ ਮੌਜ਼ੀਆ	ਥਾਣਾ, ਤਸੀਲ, ਜ਼ਿਲਾ	ਕਿਤਨੇ ਸ਼ਖ਼ਸ ਕਤਲ ਹੋਏ	ਕਿਤਨੇ ਮਕਾਨ ਜਲਾ ਦਿਤੇ ਗਏ	ਕਿਤਨੇ ਮਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਣਾਏ ਗਏ	ਕਫ਼ੀਅਤ
(੧)	ਕੋਟ ਦਾਊਦ	ਹਸਨ ਅਬਦਾਲ	੧ ਸਾਧੂ ਕਤਲ ਹੋਇਆ	੩ ਮਕਾਨ ਸਾੜੇ ਗਏ	੩ ਮਕਾਨ ਲੁਟੇ ਗਏ	X	X
(੨)	ਜੰਡ	ਸੁਲਤਾਨੀ ਪਿੰਡ ਤੈਸੀਲ ਪਿੰਡੀ ਘੇਪ	੧੨ ਕਤਲ ਹੋਏ	ਸਾਰਾ ਸ਼ਹਿਰ ਸਾੜ ਦਿਤਾ ਗਿਆ। ੨੦੦ ਘਰ ਸਾੜ ਦਿਤੇ ਗਏ।	੨੦੦ ਘਰ ਲੁਟੇ ਗਏ	੧੫ ਲੜਕੀਆਂ ਅਗਵਾ ਹੋਈਆਂ	
(੩)	ਬੈਂਡਾ	"	੪ ਕਤਲ ਹੋਏ	੫੦ ਘਰ ਸਾੜੇ	੩੦ ਘਰ ਲੁਟੇ ਗਏ	X	X
(੪)	ਠਿਆਲ	"	੩੬ ਕਤਲ ਹੋਏ	੫੦ ਘਰ ਸਾੜੇ	੫੦ ਘਰ ਲੁਟੇ ਗਏ	X	X
(੫)	ਬਸਾਲ	"	੪੬ " "	੧੦੦ "	੧੦੦ "	X	ਇਕ ਮੰਦਰ ਇਕ ਗੁਰਦਵਾਰਾ
(੬)	ਤੈਮੋਲ	"	੧੨ " "	੧੫੦ "	੧੫੦ "	X	ਇਕ ਗੁਰਦਵਾਰਾ
(੭)	ਕਸਰਾਂ	"	੧ " "	੫੦ "	੫੦ "	੨੫ ਮੁਸਲਮਾਨ	ਗੁਰਦਵਾਰਾ ਤੇ ਮੰਦਰ
(੮)	ਡਰੀ	"	੧ " "	੭ "	੨੫ "	੧੨ "	੧ ਗੁਰਦਵਾਰਾ, ੧ ਮੰਦਰ } ਸਾੜ ਦਿਤਾ
(੧੦)	ਠੱਠਾ (ਥੱਬਾ)	"	੪ " "	੨੬ "	੨੬ "	X	} ਇਕ ਗੁਰਦਵਾਰਾ ਹੈ
(੯)	ਅਛੂਰੀ	"	X " "	੫ "	੨੦ "	੨੦ ਮੁਸਲਮਾਨ	
(੧੧)	ਬੋਲਾ	"	੪ " "	੩ "	੪ "	X	ਇਕ ਗੁਰਦਵਾਰਾ

(੫)

ਨੰਬਰ ਸ਼ੁਮਾਰ	ਨਾਮ ਮੌਜ਼ਿਆ	ਥਾਣਾ, ਤਸੀਲ, ਜ਼ਿਲਾ	ਕਿਤਨੇ ਸ਼ਖ਼ਸ਼ ਕਤਲ ਹੋਏ	ਕਿਤਨੇ ਮਕਾਨ ਜਲਾ ਦਿਤੇ ਗਏ	ਕਿਤੇਨੇ ਮਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਣਾਏ ਗਏ	ਕਫ਼ੀਅਤ
(੧੨)	ਰੈਠਾ	ਸੁਲਤਾਨੀ ਪਿੰਡ ਤਸੀਲ ਪਿੰਡੀ ਘੇਪ	x ਕਤਲ ਹੋਏ	੩ ਮਕਾਨ ਸਾੜੇ ਗਏ	੩ ਮਕਾਨ ਲੁਟੇ ਗਏ	x	x
ਜੋੜ			੧੧੨ ਕਤਲ	੬੩੧ ਸਾੜੇ	੬੮੧ ਲੁਟੇ	੨੫੨	੫ ਗੁਰਦਵਾਰੇ ੩ ਮੰਦਰ

ਸਫ਼ਾ ਨੰ: ੯, ਸੀਰੀਅਲ ਨੰ: ੧੨, ਫ਼ਾਈਲ ਨੰ: ੧੬ (ਫ਼ਸਾਦ) (੧੯੪੬-੪੮)

ਤਸੀਲ ਪਿੰਡੀ ਘੇਬ ਨਾਲ ਮੁਖਤ ਦੇ ਫ਼ਸਾਦ ਪੀੜਿਤ ਪਿੰਡਾਂ ਦੀ ਲਿਸਟ

ਨੰਬਰ ਸੁਮਾਰ	ਨਾਮ ਮੌਜ਼ੀਆ	ਥਾਨਾ, ਤੈਹਸੀਲ, ਜ਼ਿਲਾ		ਕਤਲ ਹੋਏ	ਮਕਾਨ ਸਾੜੇ	ਮਕਾਨ ਲੁਟੇ ਗਏ	ਮੁਸਲਮਾਨ ਹੋਏ	ਗੁਰਦਵਾਰੇ ਸਾੜੇ
(੧)	ਖੰਜਰਾਹ	ਮੁਖਤ ਪਿੰਡੀ ਘੇਬ ਅੱਟਕ		X	੩	੩	X	X
(੨)	ਦਖਨੇਰ	ਅੱਟਕ "	"	X	੩	੩	X	X
(੩)	ਚਕੀ	ਪਿੰਡੀ ਘੇਬ	"	੪	੬	੬	X	੧ ਗੁਰਦਵਾਰਾ
(੪)	ਤੁਰਗ	"	"	X	੫੦	੫੦	X	੧ ਗੁਰਦਵਾਰਾ
(੫)	ਕਲਦ੍ਹ	"	"	X	੧੦	੧੦	X	———
(੬)	ਜੀ ਸ਼ਾਹ ਦਲਾਵਰ	ਟਮਕ	"	X	੩	੧੨੦	X	੧ ਗੁਰਦਵਾਰਾ
(੭)	ਮਲਤਾਕ	"	"	X	੨	੬	X	X
	ਜੋੜ			੪ ਕਤਲ	੭੭ ਸਾੜੇ	੧੯੭ ਲੁਟੇ	X	੩ ਗੁਰਦਵਾਰੇ

ਸਫ਼ਾ ਨੰ: ੧੦ (ਉਹੋ ਫ਼ਾਈਲ)

ਨੰਬਰ ਸ਼ੁਮਾਰ	ਨਾਮ ਮੌਜ਼ਿਆ	ਥਾਣਾ, ਤਸੀਲ, ਜ਼ਿਲਾ	ਕਤਲ ਹੋਏ	ਮਕਾਨ ਸਾੜੇ ਗਏ	ਮਕਾਨ ਲੁਟੇ ਗਏ	ਮੁਸਲਮਾਨ ਬਨਾਏ	ਅਗਵਾ	ਗੁਰਦਵਾਰੇ ਸਾੜੇ
(੧)	ਗੰਡਾ ਕਸ	ਪਿੰਡੀ ਘੇਪ ਅਟਕ	੫ ਕਤਲ	੧੦ ਮਕਾਨ ਸਾੜੇ ਗਏ	੨੦ ਲੁਟੇ ਗਏ	X	ਇਕ ਲੜਕੀ	੨ ਗੁਰਦਵਾਰੇ ਸਾੜੇ
(੨)	ਹਜ਼ਰੋ	ਹਜ਼ਰੋ "	੧੦ ਕਤਲ	੫੦ "	੫੦ "	੩੦ ਮੁਸਲਮਾਨ	X	੧ ਗੁਰਦਵਾਰਾ
(੩)	ਗੌਰ ਗੁਸ਼ੀ	" "	X	ਕੁਲ ਸਾੜੇ ਗਏ		X	X	———
(੪)	ਘੌਂਦਾ	" "	ਸਾਧੂ ਸਿੰਘ ਜ਼ਖਮੀ ੩	X	X	X	X	———
(੫)	ਖੈੜੀ	ਸਦਰ ਕੈਂਮਬਲਪੁਰ	X	੧੪ ਸਾੜੇ	੧੪ ਲੁਟੇ	X	X	———
		ਜੋੜ	੧੫	੧੫੨ ਸੜੇ	੮੪ ਲੁਟੇ	੩੦ ਮੁਸਲਮਾਨ	੧	੩ ਗੁਰਦਵਾਰੇ

ਅਟਕ ਡਿਸਟ੍ਰਿਕਟ

ਗੁਰਦਵਾਰੇ ਸਾੜੇ ਗਏ	ਮੰਦਰ	ਕਤਲ ਹੋਏ	ਮਕਾਨ ਸਾੜੇ ਗਏ	ਮਕਾਨ ਲੁਟੇ ਗਏ	ਮੁਸਲਮਾਨ ਬਨਾਏ ਗਏ	ਅਗਵਾ ਹੋਈਆਂ ਲੜਕੀਆਂ
੨੬	੩	੪੭੪	੫੯੮	੫੯੮	੧੧੮੪	੧੯
੫		੧੧੭	੬੩੧	੬੯੧	੨੫੭	੧੫
੩		੪	੭੭	੧੯੭	੩੦	੧
੩		੧੫	੧੫੭	੮੪		
੩੭	੩	੬੧੦	੧੪੪੪	੧੫੬੦	੧੪੭੧	੩੫ ੮ ਵਾਪਸ ਲਏ ਬਾਕੀ

16 Calcutta Riots 1946. 16

ਗਿਆਨੀ ਨੰਦ ਸਿੰਘ ਜੀ ਦੀ ਰੀਪੋਰਟ:-

ਦਾਸ ੨੬-੮-੪੬ ਨੂੰ ਕਲਕੱਤੇ ਪੁਜਾ ਤੇ ੨-੯-੪੬ ਨੂੰ ਉਥੋਂ ਵਾਪਿਸ ਮੁੜਿਆ। ਇਨ੍ਹਾਂ ਦਿਨਾਂ ਵਿਚ ਸਾਰੇ ਮਾਮਲੇ ਦੀ ਵਾਕਫੀਅਤ ਹਾਸਲ ਕੀਤੀ। ਫਿਸਾਦ ਬਿਲਕੁਲ ਬੰਦ ਹੋ ਚੁਕਾ ਹੋਇਆ ਸੀ, ਪੋਲੀਸ ਤੇ ਮਿਲਟ੍ਰੀ ਦਾ ਸ਼ਹਿਰ ਪੁਰ ਮੁਕੰਮਲ ਪ੍ਰਬੰਧ ਸੀ। ਫਿਸਾਦ ਦੀ ਬਿਨਾ ਇਸ ਪ੍ਰਕਾਰ ਹੈ:-

੧੬-੮-੪੬ ਨੂੰ ਜੁਮੇਂ ਵਾਲੇ ਦਿਨ ਲੀਗ ਮਨਿਸਟ੍ਰੀ ਨੇ ਗਜ਼ਿਟਡ ਛੁਟੀ ਕੀਤੀ ਤੇ ਧਰਮ ਤਲਾ ਮੈਦਾਨ ਵਿਚ ਲੀਗ ਵਲੋਂ ਇਕ ਅਹਿਮ ਜਲਸਾ ਵਾ ਜਲੂਸ ਕਢਣ ਦਾ ਐਲਾਨ ਕੀਤਾ ਗਿਆ। ਇਸ ਸਿਲਸਲੇ ਵਿਚ ਸ਼ਹਿਰ ਦੇ ਤੇ ਬਾਹਰੋਂ ਦੇਹਾਤ ਦੇ ਮੁਸਲਮਾਨ ਧਰਮ ਤਲਾ ਵਿਚ ਜਮਾਂ ਹੋਣੇ ਸ਼ੁਰੂ ਹੋ ਗਏ। ਸ਼ਹਿਰ ਦੇ ਹਰ ਪਾਸਿਉਂ ਧਰਮ ਤਲਾ ਵਲ ਜਲੂਸ ਦੀ ਸ਼ਕਲ ਵਿਚ ਮੁਸਲਮਾਨ ਆ ਰਹੇ ਸਨ। ਬਦੋ-ਬਦੀ ਹਿੰਦੂਆਂ ਤੇ ਮੁਸਲਮਾਨਾਂ ਦੁਕਾਨਦਾਰਾਂ ਦੀਆਂ ਦੁਕਾਨਾਂ ਜਲੂਸ ਦੇ ਵਰਕਰ ਬੰਦ ਕਰਾਈ ਜਾਂਦੇ ਸਨ, ਜੋ ਨਹੀਂ ਕਰਦਾ ਸੀ, ਉਸ ਨੂੰ ਲੁਟਣਾਂ ਤੇ ਮਾਰਨਾਂ ਸ਼ੁਰੂ ਕਰ ਦਿਤਾ ਜਾਂਦਾ ਸੀ। ਇਸ ਤਰ੍ਹਾਂ ਫਿਸਾਦ ਦੀਆਂ ਖਬਰਾਂ ਸ਼ਹਿਰ ਦੇ ਅੱਡ ੨ ਪਾਸਿਉਂ ਤੋਂ ਆਉਣੀਆਂ ਸ਼ੁਰੂ ਹੋ ਗਈਆਂ (ਜਿਹਾ ਕਿ ਲੋਕਾਂ ਨੂੰ ਪਹਿਲਾਂ ਹੀ ਅਜ ਦੇ ਦਿਨ ਫ਼ਿਸਾਦ ਹੋਣ ਦਾ ਖਤਰਾ ਸੀ) ੧੨ ਵਜੇ ਦੇ ਕਰੀਬ ਧਰਮ ਤਲਾ ਦੇ ਮੈਦਾਨ ਵਿਚ ਨਿਮਾਜ਼ ਪੜ੍ਹਨ ਤੋਂ ਬਾਦ ਹਜੂਮ ਮੁੰਤਸ਼ਰ ਹੋਇਆ ਤੇ ਸ਼ਹਿਰ ਦੇ ਕੋਨੇ ੨ ਵਿਚ ਫਿਸਾਦ ਸ਼ੁਰੂ ਹੋ ਗਿਆ। ਸਭ ਤੋਂ ਪਹਿਲਾਂ ਧਰਮ ਤਲਾ ਬਾਜ਼ਾਰ ਵਿਚ ਹਜੂਮ ਨੇ ਦੋ ਹਿੰਦੂਆਂ ਦੀਆਂ ਬੰਦੂਕਾਂ ਆਦਿ ਸ਼ਸਤਰਾਂ ਦੀਆਂ ਦੁਕਾਨਾਂ ਲੁਟ ਲਈਆਂ। ਸਭ ਤੋਂ ਬਹੁਤੀ ਲੁਟ ਤੇ ਮਾਰ ਮਲਕ ਬਾਜ਼ਾਰ, ਬਾਬੂ ਬਾਜ਼ਾਰ ਤੇ ਖਿਦਰ ਪੁਰ ਮਾਰਕਿਟ ਵਿਚ ਮਚ ਗਈ। ਹੈਰੀਸਨ ਰੋਡ ਵਿਖੇ ਭਾਰਤ ਕਲਾ ਭੰਡਾਰ, ਜਿਸ ਵਿਚ ਕ੍ਰੋੜਾਂ ਰੁਪੈ ਦਾ ਸਾਮਾਨ ਸੀ ਤੇ ਦੂਜਾ ਕਾਲਜ ਸਟ੍ਰੀਟ ਵਿਚ ਡਾਲੀਆ ਸਟੋਰ ਲੁਟੇ ਗਏ। ਇਨ੍ਹਾਂ ਦੁਹਾਂ ਮਸ਼ਹੂਰ ਸਟੋਰਾਂ ਵਿਚ ਇਕ ਰੱਤੀ ਜਿੰਨ੍ਹੀ ਭੀ ਚੀਜ਼ ਨਹੀਂ ਛਡੀ ਤੇ ਬਿਡਿੰਗ ਨੂੰ ਅਗ ਲਗਾ ਕੇ ਸਾੜ੍ਹ ਦਿਤਾ ਗਿਆ, ਅਤੇ ਫੇਰ ਤਾਂ ਹਿੰਦੂਆਂ ਦੀਆਂ ਮੋਟਰਾਂ, ਲਾਰੀਆਂ ਅਤੇ ਬੱਸਾਂ ਸੜ੍ਹਦੀਆਂ ਨਜ਼ਰ ਆਉਣ ਲਗ ਪਈਆਂ ਤੇ ਫਸਾਦ ਸਾਰੇ ਸ਼ਹਿਰ ਵਿਚ ਖਿਲਰ ਗਿਆ। ਮੁਸਲਮਾਨਾਂ ਨੇ ਹਿੰਦੂਆਂ ਨੂੰ ਤੇ ਹਿੰਦੂਆਂ ਨੇ ਮੁਸਲਮਾਨਾਂ ਨੂੰ ਅਖੀਆਂ ਮੀਚ ਕੇ ਮਾਰਨਾਂ ਸ਼ੁਰੂ ਕਰ ਦਿਤਾ। ਬਾਜ਼ਾਰ ਵਿਚ ਚੀਤਪੁਰ ਰੋਡ ਤੇ ਜ਼ਕਰੀਆ ਸਟ੍ਰੀਟ ਸੋਭਾਪੁਰ ਬਾਜ਼ਾਰ , ਸ਼ਾਮ ਬਾਜ਼ਾਰ, ਹਾਥੀ ਬਾਜ਼ਾਰ, ਭਵਾਨੀ ਪੁਰ , ਕਾਲੀ ਗੰਜ ਤੇ ਜੱਗੂ ਬਾਜ਼ਾਰ, ਇਨ੍ਹਾਂ ਵਿਚੋਂ ਉਹੀ ਮੁਸਲਮਾਨ ਬਚੇ ਜੋ ਭੱਜ ਸਕੇ, ਬਾਕੀ ਸਮਾਪਤ ਕਰ ਦਿਤੇ ਗਏ।

ਦੂਜੇ ਬੰਨ੍ਹੇ ਬਾਗੜ ਬਿਲਡਿੰਗ ਪਛੂਆ ਬਾਜ਼ਾਰ ਤੇ ਪਟੀਆ ਬੁਰਜ ਪਾਰਕ ਸਰਕਸ ਆਦਿਕ ਥਾਂਵਾਂ ਵਿਚ ਮੁਸਲਮ ਆਬਾਦੀ ਕਾਫ਼ੀ ਸੀ। ਇਥੇ ਹਿੰਦੂਆਂ ਦਾ ਸਫਾਇਆ ਕੀਤਾ ਗਿਆ।

੩੦-੮-੪੬ ਨੂੰ ਇਕ ਸਿੱਖ(ਜਿਸ ਦੀ ਕਿ ਬੀਮਾਰੀ ਨਾਲ ਮੌਤ ਹੋਈ ਸੀ) ਦੀ ਅਰਥੀ ਦੇ ਨਾਲ ਮੈਂ ਸ਼ਮਸ਼ਾਨ ਭੂਮੀ ਵਿਚ ਗਿਆ ਸਾਂ, ਅਤੇ

ਤੁਖੇ ਇਕ ਦੋ ਚਿਤਾਂ ਪੁਰ ਪੰਜ-ਪੰਜ ਹਿੰਦੂਆਂ ਦੀਆਂ ਲਾਸ਼ਾਂ ਰੱਖ ੨ ਕੇ ਜਲਦੀਆਂ ਦੇਖੀਆਂ।

ਇਸ ਫਸਾਦ ਵਿਚ ਸਮੁਚੇ ਤੌਰ ਤੇ ਕਈ ਕਰੋੜ ਰੁਪੈ ਦਾ ਮਾਲੀ ਨੁਕਸਾਨ ਤੇ ਤੀਹ ਚਾਲੀ ਹਜ਼ਾਰ ਤਕ ਦੇ ਜਾਨੀ ਨੁਕਸਾਨ ਦਾ ਅੰਦਾਜ਼ਾ ਹੈ।

ਇਸ ਫਸਾਦ ਵਿਚ ਸਿੰਘਾਂ ਦਾ ਮਾਲੀ ਨੁਕਸਾਨ ਦੋ ਕੁ ਲੱਖ ਦੇ ਕਰੀਬ ਮੇਰੀ ਰੀਪੋਰਟ ਵਿਚ ਆਇਆ ਹੈ, ਪਰ ਮਰ ਗਏ ਤੇ ਭੱਜ ਗਏ ਸਿੰਘਾਂ ਦਾ ਮਾਲੀ ਨੁਕਸ਼ਾਨ ਮਿਲਾ ਕੇ ਸੱਤ-ਅੱਠ ਲੱਖ ਦੇ ਕਰੀਬ ਹੈ।

ਸਿੰਘਾਂ ਦੀਆਂ ੨੧ ਜਾਨਾਂ ਦਾ ਨੁਕਸਾਨ ਮੈਂ/ਤਸਦੀਕ ਕਰ ਚੁਕਾ ਹਾਂ, ਜੋ ਕਿ ਰੀਪੋਰਟ ਵਿਚ ਦਰਜ ਹੈ ਅਤੇ ਅਜੇ ਤਕ ਖਬਰਾਂ ਮਿਲ ਰਹੀਆਂ ਹਨ। ਖਿਆਲ ਕੀਤਾ ਜਾ ਸਕਦਾ ਹੈ ਕਿ ਜਾਨੀ ਨੁਕਸਾਨ ੪੦ ਨਾਲੋਂ ਘੱਟ ਨਹੀਂ ਹੋਵੇਗਾ।

ਫ਼ਸਾਦ ਦੇ ਦਿਨਾਂ ਵਿਚ ਪੋਲੀਸ ਤੇ ਮਿਲਟ੍ਰੀ ਨੂੰ ਸਿੱਖਾਂ ਦੇ ਫ਼ਸਾਦ ਵਿਚ ਹਿਸਾ ਲੈਣ ਦਾ ਸ਼ੱਕ ਸੀ, ਪਰ ਫ਼ਸਾਦ ਮੁਕਣ ਤੇ ਸਹੀ ਰਿਪੋਰਟਾਂ ਮਿਲਣ ਤੋਂ ਬਾਦ ਉਨ੍ਹਾਂ ਦਾ ਇਹ ਸ਼ੁਕ ਬਿਲਕੁਲ ਦੂਰ ਹੋ ਗਿਆ ਤੇ ਪ੍ਰਾਈਮ-ਮਨਿਸਟ੍ਰ ਸੁਹਰਵਰਦੀ ਨੇ ਅਖਬਾਰਾਂ ਵਿਚ ਸਿੱਖਾਂ ਦਾ ਧੰਨਵਾਦ ਕੀਤਾ। ਹਾਜੀ ਮਾਲੀ ਮੁਹੰਮਦ ਨੇ ਸਿੱਖਾਂ ਦੀ ਖ਼ਿਦਮਤ ਤੇ ਪ੍ਰਸੰਨ ਹੋਕੇ ਗੁਰਦਵਾਰੇ ਨੂੰ ੧੦੦੦) ਦਾਨ ਦਿਤਾ। ਇਸੇ ਤਰ੍ਹਾਂ ਹਿੰਦੂਆਂ ਨੇ ਭੀ ਕਈ ਹਜ਼ਾਰ ਦਾ ਦਾਨ ਭੇਜਿਆ ਹੈ। ਕਲਕਤੇ ਵਿਚ ਸਿੰਘਾਂ ਦੀ ਪੋਜ਼ੀਸ਼ਨ ਅਤਿ ਸ਼ਲਾਘਾ-ਯੋਗ ਹੈ। ਹਿੰਦੂ ਸਿੱਖਾਂ ਨੂੰ ਆਪਣਾ ਰਾਖਾ ਸਮਝਦਾ ਹੈ ਤੇ ਮੁਸਲਮਾਨ ਭੀ ਆਪਣਾ ਮੁਹਾਫ਼ਿਜ਼ ਖਿਆਲ ਕਰਦਾ ਹੈ।।

<u>ਰਿਪੋਰਟ ਗੁਰਦਵਾਰਾ ਹਾਵੜਾ</u>:-

ਸ੍ਰ: ਮੁਕੰਦ ਸਿੰਘ ਜੀ ਅਕਾਲੀ, ਗ੍ਰੰਥੀ ਗੁਲਜ਼ਾਰਾ ਸਿੰਘ ਜੀ ਤੇ ਸ੍ਰ: ਚਰਨ ਸਿੰਘ ਜੀ ਸਕੱਤ੍ਰ ਤੋਂ ਪਤਾ ਲਿਆ:-

ਝਗੜੇ ਦੇ ਦਿਨਾਂ ਵਿਚ ਗੁਰਦਵਾਰਾ ਸਾਹਿਬ ਤੇ ਕਿਸੀ ਕਿਸਮ ਦਾ ਹਮਲਾ ਯਾ ਛੇੜਖਾਨੀ ਨਹੀਂ ਬਣੀ। ਤਕਰੀਬਨ ੨੫-੩੦ ਸਿੰਘ ਹਰ ਵਕਤ ਹਾਜ਼ਰ ਰਹੇ। ਭਾਈ ਮੇਹਰ ਸਿੰਘ ਜੀ ਹੋਟਲ ਵਾਲੇ ਨੂੰ ਦੰਗਿਆਂ ਵਿਚ ਗ੍ਰਿਫਤਾਰ ਕੀਤਾ ਗਿਆ ਸੀ ਉਸਨੂੰ ਭੀ ਦੂਜੇ ਦਿਨ ਛਡ ਦਿਤਾ ਗਿਆ।

ਇਸ ਇਲਾਕੇ ਵਿਚੋਂ ਕਿਸੇ ਸਿੰਘ ਨੇ ਭੀ ਦੰਗੇ ਵਿਚ ਹਿਸਾ ਨਹੀਂ ਲਿਆ, ਬਾਕੀ ਹਿੰਦੂ ਮੁਸਲਮਾਨ ਦੀ ਰਖਿਆ ਦਾ ਕੰਮ ਕਾਫੀ ਕੀਤਾ।

ਗੁਰਦਵਾਰੇ ਸਾਹਿਬ ਵਿਚ ਅਜੇ ਭੀ ੨੫-੩੦ ਹਿੰਦੂ ਸੰਭਾਲੇ ਹੋਏ ਸਨ ਜਿਨ੍ਹਾਂ ਨੂੰ ਪ੍ਰਸ਼ਾਦਿ ਪਾਣੀ ਗੁਰਦਵਾਰੇ ਵਲੋਂ ਹੀ ਮਿਲਦਾ ਹੈ।
ਇਸ ਇਲਾਕੇ ਵਿਚ ਜਿਨ੍ਹਾਂ ਸਿੰਘਾਂ ਦੀ ਮੌਤ ਹੋਈ ਹੈ ਕਿਹਾ ਜਾਂਦਾ ਹੈ ਕਿ ਰਾਤ ਨੂੰ ਮੁਸਲਮਾਨਾਂ ਨੇ ਕਲੇ ਦੁਕਲੇ ਵੇਖ ਕੇ ਮਾਰ ਦਿਤਾ ਹੈ।

(੧) ਪ੍ਰਤਾਪ ਸਿੰਘ ਰੇਲਵੇ ਵਿਚ ਮਿਸਤ੍ਰੀ ਦਾ ਕੰਮ ਕਰਦਾ ਸੀ।

(੨) ਕਰਤਾਰ ਸਿੰਘ, ਹਰੀ ਸਿੰਘ ਠੇਕੇਦਾਰ ਪਾਲਾ ਸਿੰਘ ਜੀ ਸ਼ਾਲੀਮਾਰ ਦੇ ਪ੍ਰਾਈਵੇਟ ਮੁਲਾਜ਼ਮ ਸਨ।

ਰਿਪੋਰਟ ਗੁਰਦਵਾਰਾ ਬੜੀ ਸੰਗਤ:-

ਇਸ ਗੁਰਦਵਾਰੇ ਸਾਹਿਬ ਤੇ ਕੋਈ ਵਡਾ ਹਮਲਾ ਨਹੀਂ ਹੋਇਆ। ਕੇਵਲ ਇਕ ਦਿਨ ੧੭-੮-੪੬ ਨੂੰ ਸਵੇਰੇ ੧੦ ਵਜੇ ਮੁਸਲਮਾਨਾਂ ਦੀਆਂ ਤਿੰਨ ਲਾਰੀਆਂ ਆਈਆਂ। ਇਕ ਵਿਚ ਗੋਰਖਾਂ ਫੌਜ ਸੀ ਤੇ ਦੂਜੀ ਵਿਚ ਮੁਸਲਮਾਨ ਸਨ। ਜੋ ਕਿ ਕੁਝ ਜ਼ਿਮੇਵਾਰ ਜਿਹੇ ਆਦਮੀ ਮਾਲੂਮ ਹੁੰਦੇ ਸਨ। ਇਨ੍ਹਾਂ ਪਾਸ ਗੁਰਦਵਾਰਾ ਸਾਹਿਬ ਦੇ ਕੋਲ ਕਿਸੇ ਨੇ ਕੁਝ ਛੇੜਖਾਨੀ ਕੀਤੀ, ਉਤਰ ਵਿਚ ਮੁਸਲਮਾਂ ਨੇ ਇਟਾਂ ਵੱਟੇ ਚਲਾਏ ਜਿਨ੍ਹਾਂ ਵਿਚੋਂ ਲਗ ਪੱਗ ੫੦-੬੦ ਪੱਥਰ ਗੁਰਦਵਾਰੇ ਵਲ ਆਏ। ਕੁਝ ਛਤ ਤੇ ਪਏ ਤੇ ਕੁਝ ਦਰਵਾਜ਼ੇ ਵਿਚ ਡਿਗੇ ਪਰ ਇਸ ਨਾਲ ਕੋਈ ਨੁਕਸਾਨ ਨਹੀਂ ਹੋਇਆ, ਤੇ ਨਾਂ ਹੀ ਕਿਸੇ ਨੂੰ ਚੋਟ ਪਹੁੰਚੀ ਹੈ। ਇਸ ਗੁਰਦਵਾਰੇ ਵਲੋਂ ੧੭-੧੮-੧੯/੮/੪੬ ਨੂੰ ਫ਼ਸਾਦ ਜ਼ੁਦਾ ਮਜ਼ਲੂਮਾਂ ਦੀ ਕਾਫੀ ਸੇਵਾ ਕੀਤੀ ਜਾਂਦੀ ਰਹੀ ਹੈ। ਫ਼ਸਾਦ ਜ਼ੁਦਾ ਮੁਹੱਲਿਆਂ ਤਾਰਾ ਚੰਦ ਸਟ੍ਰੀਟ, ਕੇਲਾ ਬਾਗਾਨ ਤੇ ਮਛੂਆ ਬਾਜ਼ਾਰ ਆਦਿ ਜੋ ਕਿ ਮੁਸਲਮਾਨਾਂ ਦੇ ਗੜ੍ਹ ਸਨ ਵਿਚੋਂ ਬੰਦੇ ਕਢ ਕੇ ਗੁਰਦਵਾਰੇ ਵਿਚ ਲਿਆਂਦੇ ਗਏ। ਗੁਰਦਵਾਰੇ ਦੀ ਸਾਰੀ ਜਗਹ ਪੁਰ ਹੋ ਜਾਣ ਉਪ੍ਰੰਤ ੧੭੪, ਹੈਰੀਸਨ ਬਿਲਡਿੰਗ ਸਦਾ ਸੁਖ ਕਟੜਾ ਵਿਚ ਕੁਝ ਆਦਮੀਆਂ ਨੂੰ ਰਖਿਆ ਗਿਆ ਅਤੇ ਪੰਜਾਬ ਸੇਵਾ ਸੰਮਤੀ ਵਿਚ ਭੀ ਪੁਹੰਚਾਇਆ ਗਿਆ ਪਰ ਉਪ੍ਰੋਕਤ ਥਾਂਵਾਂ ਪੁਰ ਲੰਗਰ ਗੁਰਦਵਾਰੇ ਵਲੋਂ ਪਹੁੰਚਾਇਆ ਜਾਂਦਾ ਰਿਹਾ। ਇਸ ਗੁਰਦਵਾਰੇ ਵਲੋਂ ੪੦੦੦ ਮਜ਼ਲੂਮ ਦੀ ਰਖਿਆ ਤੇ ਸੇਵਾ ਸਹਾਇਤਾ ਕੀਤੀ ਗਈ ਹੈ ॥

ਸਿੰਘਾਂ ਨੇ ਬੜੇ ਖਤਰੇ ਵਿਚ ਪੈ ਕੇ ਉਪ੍ਰੋਕਤ ਸੇਵਾ ਕੀਤੀ ਹੈ। ਸਰਦਾਰ ਸੀਤਲ ਸਿੰਘ ਜੀ ਤੇ ਸਰਦਾਰ ਹਰਚੰਦ ਸਿੰਘ ਜੀ ਸਕੱਤ੍ਰ ਗੁਰਦਵਾਰਾ ਬੜੀ ਸੰਗਤ ਨੇ ਅਪਣੀਆਂ ਮਾਲ ਲਾਰੀਆਂ ਸੇਵਾ ਲਈ ਦਿਤੀਆਂ ਤੇ ਆਪ ਭੀ ਨਾਲ ਹੋ ਕੇ ਖਤਰੇ ਵਿਚ ਪੈ ਕੇ ਸੇਵਾ ਕੀਤੀ। ਗੁਰਦਵਾਰੇ ਦੇ ਸੇਵਾਦਾਰਾਂ ਦੀ ਕੁਰਬਾਨੀ-ਭਰੀ ਸੇਵਾ ਭੀ ਸ਼ਲਾਘਾਯੋਗ ਹੈ। ਸਟੇਸ਼ਨ ਤੋਂ ਮੁਸਾਫ਼ਰਾਂ ਨੂੰ ਲਿਆਉਣਾ ਤੇ ਪਹੁੰਚਾਉਣਾਂ ਉਪ੍ਰੋਕਤ ਸੇਵਾਦਾਰਾਂ ਦੇ ਜ਼ਿਮੇ ਸੀ। ਸਰਦਾਰ ਕਲਿਆਣ ਸਿੰਘ ਜੀ ਮੈਨੇਜਰ ਗੁਰਦਵਾਰਾ ਨੇ ਭੀ ਮਜ਼ਲੂਮਾਂ ਦੀ ਦੇਖ ਭਾਲ ਤੇ ਪ੍ਰਬੰਧ ਵਿਚ ਪੂਰੀ ਤਨ ਦਹੀ ਨਾਲ ਸੇਵਾ ਕੀਤੀ।

<u>ਪੋਲੀਸ ਦੀ ਅਣਗਹਿਲੀ</u>:- ੧੮-੮-੪੬ ਨੂੰ ਇਲਾਕਾ ਪੋਲੀਸ ਥਾਨਾ ਬੜਾ ਬਾਜ਼ਾਰ ਵਿਚ ਮੈਨੇਜਰ ਸਰਦਾਰ ਕਲਿਆਨ ਸਿੰਘ ਜੀ ਗਏ ਤੇ ਕਿਹਾ ਕਿ ਸਾਡਾ ਰਾਸ਼ਨ ਮੁੱਕ ਗਿਆ ਹੈ ਤੇ ਮਜ਼ਲੂਮਾਂ ਦੀ ਸੇਵਾ ਦੀ ਲਈ ਰਾਸ਼ਨ ਹੋਰ ਲਿਉਣਾ ਹੈ। ਮੋਟਰਾਂ ਸਾਡੀਆਂ ਹਨ, ਰਾਸ਼ਨ ਸਾਨੂੰ ਮਿਲਦਾ ਹੈ ਤੁਸੀ ਕੇਵਲ ਹਿਫਾਜ਼ਤ ਲਈ ੪-੫ ਸਿਪਾਹੀ ਦੇ ਦਿਉ। ਉਨ੍ਹਾਂ ਨੇ ਕੋਰਾ ਜਵਾਬ ਦੇ ਦਿਤਾ ਕਿ ਅਸੀ ਆਪ ਦੀ ਕੋਈ ਮਦਦ ਨਹੀਂ ਕਰ ਸਕਦੇ। ਸਿੰਘਾਂ ਨੇ ਅਪਣੀ ਹਿੰਮਤ ਨਾਲ ਤੇ ਅਪਣੇ ਆਪ ਨੂੰ ਖਤਰੇ ਵਿਚ ਪਾ ਕੇ ਬਾਬੂ ਰਘੁਨਾਥ ਰਾਧੂ ਮਹਾਂਦੇਵ ਦੀ ਮਾਰਫਤ ਤੁਲਾਪੱਟੀ ਤੋਂ ਜੋ ਚਨਾਂ, ਮਸੂਰ ਆਦਿ ਦੇ ੪੮ ਬੋਰੇ ਲੈ ਆਂਦੇ।

੧੯-੮-੪੬ ਨੂੰ ਇਸੇ ਥਾਨੇ ਵਿਚ ਜਾ ਕੇ ਰਿਪੋਰਟ ਦੇਣ ਦੀ

ਲੋੜ ਪਈ ਕਿ ਸਾਡੇ ਕੁਝ ਆਦਮੀ ਨਾਰਕੁਲ ਡਾਂਗਾ ਵਿਚ ਘਿਰੇ ਹੋਏ ਹਨ। ਉਨ੍ਹਾਂ ਦੀਖਬਰ-ਸੁਰਤ ਲੈਣ ਜਾਣਾ ਹੈ ਇਸ ਲਈ ਨਾਲ ਕੁਝ ਪੋਲੀਸ ਦੀ ਲੋੜ ਹੈ। ਉਨ੍ਹਾਂ ਨੇ ਫੇਰ ਭੀ ਤੋੜ ਕੇ ਜਵਾਬ ਦੇ ਦਿਤਾ ਕਿ ਅਸੀ ਕੋਈ ਮਦਦ ਨਹੀਂ ਕਰ ਸਕਦੇ। ਉਦੋਂ ਤੋਂ ਪੋਲੀਸ ਦੀ ਇਮਦਾਦ ਦਾ ਭਰੋਸਾ ਛਡ ਕੇ ਸਿੰਘਾਂ ਨੇ ਸਾਰੀ ਸੇਵਾ ਖੁਦ ਹੀ ਕੀਤੀ॥

ਇਸ ਇਲਾਕੇ ਵਿਚ ਜਾਨੀ ਨੁਕਸਾਨ ਬਹੁਤ ਹੋਇਆ ਹੈ। ੧੦੦੦ ਆਦਮੀ ਗੁਰਦਵਾਰੇ ਦੇ ਆਸ ਪਾਸ ਮਰਿਆ ਹੈ। ਜਿਨ੍ਹਾਂ ਵਿਚੋਂ ਸਿੰਘ ਕੇਵਲ ਇਕ ਇਸਤ੍ਰੀ ਸੀ। ਘਰ ਵਿਚ ਬੈਠਿਆਂ ਹੀ ਇਸ ਬੀਬੀ ਨੂੰ ਗੋਲੀ ਵਜੀ ਜੋ ਕੇ ਉਥੇ ਹੀ ਚਲਾਣਾ ਕਰ ਗਈ॥

ਰਿਪੋਰਟ ਗੁਰਦਵਾਰਾ ਛੋਟੀ ਸੰਗਤ:-

ਇਹ 'ਸੰਗਤ' ਹਿੰਦੂ ਆਬਾਦੀ ਦੇ ਵਿਚ ਹੈ। ਇਥੇ ਕੋਈ ਹਮਲਾ ਨਹੀਂ ਹੋਇਆ। ਗੁਰਦਵਾਰਾ ਕਮੇਟੀ ਬਿਹਾਰੀ ਸਿੰਘ ਨੇ ਮਜ਼ਲੂਮ ਰਖਿਆ ਦਾ ਕੰਮ ਲਾਰੀ ਕਿਰਾਏ ਤੇ ਲੈਕੇ ਬਹੁਤ ਵਧਕੇ ਕੀਤਾ ਹੈ। ੧੭-੧੮ ਤ੍ਰੀਕਾਂ ਨੂੰ ਬਹੁਤ ਜ਼ਿਆਦਾ ਕੰਮ ਹੋਇਆ ਹੈ, ਰਾਤ ਨੂੰ ਭੀ ਮਜ਼ਲੂਮ ਆਦਮੀਆਂ ਨੂੰ ਬਚਾਉਂਦੇ ਰਹੇ ਹਨ, ਜਿਨ੍ਹਾਂ ਵਿਚ ਹਿੰਦੂ ਤੇ ਮੁਸਲਮਾਨ ਦੋਵੇਂ ਸ਼ਾਮਲ ਸਨ। ੨੨, ਬੀ: ਬਲਾਕ ਵਿਚ ਮੁਸਲਮ ਘਿਰੇ ਹੋਏ ਜਾ ਕੇ ਕਢੇ ਤੇ ਰੀਲੀਫ ਸੁਸਾਇਟੀ ਦੇ ਸਪੁਰਦ ਕੀਤੇ, ਤੇ ਖੇਮਨਾਂ ਹਾਊਸ ਜੈ ਪੁਰੀਆ ਕਾਲਜ ਆਦਿ ਥਾਂਵਾਂ ਤੇ ਪਹੁੰਚਾਇਆ ਗਿਆ। ਇਸ ਤਰ੍ਹਾਂ ੩੦੦੦ ਮੁਨੁਖਾਂ ਦੀ ਰਖਿਆ ਕੀਤੀ। ਇਕ ਹਜ਼ਾਰ ਆਦਮੀ ਨੂੰ ਗੁਰਦਵਾਰੇ ਦੇ ਵਿਚ ਰਖ ਕੇ ਲੰਗਰ ਆਦਿ ਦੀ ਸੇਵਾ ਕੀਤੀ ਜਾਂਦੀ ਰਹੀ।

ਸੇਵਾਦਾਰਾਂ ਵਿਚੋਂ ਸਰਦਾਰ ਮਦਨ ਸਿੰਘ, ਖੁਮਾਹੀ ਸਿੰਘ, ਮਾਸਟ੍ਰ ਸ਼ਿਵਜਤਨ ਸਿੰਘ, ਅਮੋਲਕ ਸਿੰਘ ਤੇ ਦਲੀਪ ਸਿੰਘ ਦੇ ਨਾਮ ਖਾਸ ਜ਼ਿਕਰ ਯੋਗ ਹਨ।

****

ਰਿਪੋਰਟ ਗੁਰਦਵਾਰਾ ਨਰ ਸਿੰਘ ਨਾਰਾਇਣ ਸਿੰਘ:-

੨੦-ਏ ਸਈਅਦ ਸਾਲੀ ਲੇਂਡ ਮਤੂਆ ਬਾਜ਼ਾਰ, ਤ੍ਰੀਕ ੧੭ ਨੂੰ ਸ਼ਾਮ ਦੇ ਚਾਰ ਵਜੇ ਹਮਲਾ ਹੋਇਆ। ਸਾਬੂ ਖਾਂ ਦਲਾਲ ਅਪਣੇ ਸਾਥੀਆਂ ਸਮੇਤ ਆ ਕੇ ਕਹਿਣ ਲਗਾ ਕਿ ਆਪ ਚਲੇ ਜਾਉ- ਕਿਉਂਕਿ ਸਾਡੇ ਤੇ 'ਤੁਲਾਪੇਟੀ' ਵਿਚ ਸਿੱਖਾਂ ਨੇ ਹਮਲਾ ਕਰ ਦਿਤਾ ਹੈ। ਇਸ ਵਾਸਤੇ ਆਪ ਇਥੋਂ ਚਲੇ ਜਾਉ। ਅਸੀਂ ਆਪ ਨੂੰ ਬਚਾ ਨਹੀਂ ਸਕਾਂਗੇ॥

ਇਹ ਕਹਿਣ ਤੋਂ ੨੦-੨੫ ਮਿੰਟ ਪਿਛੋ ਹਮਲਾ ਹੋ ਗਿਆ, ਬੰਦੂਕ ਦਾ ਫਾਇਰ ਹੋਇਆ। ਪਹਿਲੀ ਗੋਲੀ ੨੧ ਨੰਬਰ ਵਿਚ ਸ੍ਰਦਾਰ ਹਰੀ ਸਿੰਘ ਦੀ ਇਸਤ੍ਰੀ ਨੂੰ ਲਗੀ, ਜੋ ਉਥੇ ਹੀ ਚਿਤ ਹੋ ਗਈ। ਪਿਛੋਂ ਨਰ ਸਿੰਘ ਨਾਰੈਣ ਸਿੰਘ ਜੀ ਨੂੰ ੩੦-੪੦ ਛਰੋਰੇ ਪਿੰਡੇ ਵਿਚ ਲਗੇ, ਜੋ ਮੈਂ ਆਪ ਅਖੀਂ ਤਕੇ ਹਨ। ਜਿਹਛੇ ਕਿ ਮਾਰਵਾੜੀ ਰੀਲੀਫ ਸੁਸਾਇਟੀ ਵਿਚ ਜਾਕੇ ਕਢਾਏ ਗਏ। ਇਨ੍ਹਾਂ ਦੇ ਨੌਕਰ ਮੁਨਸ਼ੀ ਰਾਮ ਨੂੰ ੧੫ ਛਰੋਰੇ ਲਗੇ। ੬ ਵਜੇ ਦੇ ਕਰੀਬ ਛੋਟੀ ਸੰਗਤ ਗੁਰਦਵਾਰੇ ਦੀ ਮਦਦ ਪੁਹੁੰਚ ਗਈ, ਰਾਮਚੰਦ੍ਰ ਸਿੰਘ ਆਦਿ ਦੀ ਮਦਦ ਨਾਲ ਅਸੀ ਛੋਟੀ ਸੰਗਤ ਤਕ ਪੁਜੇ।

੨੦ ਤਾਰੀਖ ਨੂੰ ਅਸਾਂ ਮੌਕਾ ਪਾ ਕੇ ਮਕਾਨ ਜਾ ਕੇ ਵੇਖਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਪੰਜ ਮਿਲੇ, ਪੰਜਾਂ ਵਿਚੋਂ ਦੋਹਾਂ ਦੇ ਪਤ੍ਰੇ ਬਾਹਰ ਪਏ ਸਨ। ਤੇ ਬਾਕੀ ਤਿੰਨ ਭੀ ਰੁਮਾਲਾਂ ਤੋਂ ਬਿਨਾਂ ਜ਼ਮੀਨ ਤੇ ਸਿਟੇ ਪਏ ਸਨ। ਰੁਮਾਲ, ਚਦਰਾਂ, ਸ਼ਸਤਰ, ਚੌਰ ਤੇ ਘਰ ਦਾ ਸਾਮਾਨ ਲੁਟ ਲਿਆ ਗਿਆ ਸੀ, ਜੋ ਨੁਕਸਾਨ ਦਾ ਅੰਦਾਜ਼ਾ ੫੦,੦੦੦) ਦੇ ਕਰੀਬ ਹੈ॥

ਮੁਹੱਲੇ ਦੇ ਥਾਨੇ ਵਿਚ ਰਿਪੋਰਟ ਦਰਜ ਕਰਾਈ ਹੈ ਜਿਸ ਦਾ ਨੰਬਰ ੧੭੨੪ ਮਿਤੀ ੨੩-੮-੪੬ ਹੈ॥

ਰਿਪੋਰਟ ਗੁਰਦਵਾਰਾ ਜਗਤ ਸੁਧਾਰ, ਭਵਾਨੀ ਪੁਰ:-

ਇਸ ਗੁਰਦਵਾਰੇ ਸਾਹਿਬ ਦੀ ਰਿਪੋਰਟ ਬਹੁਤ ਅਹਿਮ ਹੈ। ਇਥੇ ਬਹੁਤ ਮਜ਼ਲੂਮਾਂ ਦੀ ਸੇਵਾ ਤੇ ਸਹਾਇਤਾ ਕੀਤੀ ਜਾਂਦੀ ਰਹੀ ਹੈ, ਤੇ ਅਜੇ ਤਕ ਜਾਰੀ ਹੈ। ਸਕੱਤ੍ਰ ਸਾਹਿਬ ਸਰਦਾਰ ਪੂਰਨ ਸਿੰਘ ਜੀ ਰਾਏ ਦਾ ਬਿਆਨ ਹੈ ਕਿ ਸਿੰਘਾਂ ਨੇ ਫ਼ਸਾਦ ਵਿਚ ਕੋਈ ਹਿਸਾ ਨਹੀਂ ਲਿਆ ਸਗੋਂ ਮਜ਼ਲੂਮਾਂ ਦੀ ਰਖਿਆ ਤੇ ਸਹਾਇਤਾ ਲਈ ਅਪਣੀਆਂ ਜਾਨਾਂ ਤਲੀ ਤੇ ਰਖ ਕੇ ਸੇਵਾ ਕੀਤੀ ਹੈ। ਗੁਰਦਵਾਰੇ ਵਿਚ ੬੦,੦੦੦ ਮਜ਼ਲੂਮਾਂ ਨੂੰ ਪਨਾਹ ਦਿਤੀ ਗਈ ਤੇ ਸੇਵਾ ਕੀਤੀ ਗਈ ਜਿਨ੍ਹਾਂ ਵਿਚੋਂ ੧੫੦੦ ਦੇ ਕਰੀਬ ਮੁਸਲਮਾਨ ਇਸਤ੍ਰੀਆਂ, ਬਚੇ ਅਤੇ ਮਰਦ ਭੀ ਸ਼ਾਮਲ ਹਨ। ੧੬-੮-੪੬ ਨੂੰ ਸਿੰਘ ਸਭਾ ਦੇ ਰੀਲੀਫ ਸੈਂਟ੍ਰ ਖੋਲਣ ਦਾ ਗੁਰਮਤਾ ਪਾਸ ਕੀਤਾ ਗਿਆ, ਜਿਸ ਅਨੁਸਾਰ ੫ ਰੀਲੀਫ ਸੈਂਟ੍ਰ ਅਡ ੨ ਜਗਹ ਤੇ ਖੋਲੇ ਗਏ। ਜਿੰਨ੍ਹਾਂ ਵਿਚ ਇਕ ਸੈਂਆ ਗੁਰਦਵਾਰੇਵਿਚ ਤੇ ਦੂਜਾ ਇਕ ਖਾਲਸਾ ਹਾਈ ਸਕੂਲ ਦੀ ਬਿਡਿੰਗ ਵਿਚ ਭੀ ਸੀ॥

ਵਰਨਣਯੋਗ ਕੁਰਬਾਨੀ-ਭਰੀ ਸੇਵਾ

(੧) ੧੬-੮-੪੬ ਨੂੰ ਸਰਦਾਰ ਹਰਚਰਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ, ਬੜੀ ਸੰਗਤ ਤੇ ਉਨ੍ਹਾਂ ਦੇ ਚਾਰ-ਪੰਜ ਸਾਥੀਆਂ ਨੇ ਪੁਜ ਕੇ ਰਿਪੋਰਟ ਦਿਤੀ ਕਿ ਗੁਰਦਵਾਰਾ ਛੋਟੀ ਸੰਗਤ ਤੇ ਸੰਗਤ ਭਾਈ ਤਾਰਾ ਸਿੰਘ ਨੂੰ ਮੁਸਲਮਾਨ ਅਗ ਲਾਉਣ ਦੇ ਜਤਨਾਂ ਵਿਚ ਹਨ। ਜਲਦੀ ਪੁਜ ਕੇ ਬਚਾਇਆ ਜਾਵੇ। ਉਪ੍ਰੋਕਤ ਸਕੱਤ੍ਰ ਸਾਹਿਬ ਨੇ ਬੜੇ ਦਰਦਨਾਕ ਲਹਿਜੇ ਵਿਚ ਭਵਾਨੀ ਪੁਰ ਦੀ ਸੰਗਤ ਦੇ ਪ੍ਰਬੰਧਕਾਂ ਨੂੰ ਉਪ੍ਰੋਕਤ ਗੁਰਦਵਾਰਿਆਂ ਦੀ ਰਖਿਆ ਕਰਨ ਦੀ ਪ੍ਰੇਰਨਾਂ ਦਿਤੀ ਅਤੇ ਗੁਰਦਵਾਰਿਆਂ ਦੀ ਬੇ-ਹੁਰਮਤੀ ਦਾ ਵਾਸਤਾ ਪਾ ਕੇ ਸਿੰਘਾਂ ਦੇ ਸਿਖੀ ਜਜ਼ਬੇ ਨੂੰ ਹਲੂਣਾ ਦਿਤਾ ਜਿਸ ਕਰਕੇ ਸਰਦਾਰ ਪੂਰਨ ਸਿੰਘ ਜੀ ਰਾਏ ਸਕੱਤ੍ਰ ਗੁਰਦਵਾਰਾ ਜਗਤ ਸੁਧਾਰ ਦੇ ਨੇੜੇ ਨੇੜੇ ਦੇ ਵਸਨੀਕ ਸਿੰਘਾਂ ਨੂੰ ਬੁਲਾ ਕੇ ਸਾਰੇ ਹਾਲਾਤ ਦਸੇ। ਗੁਰਦਵਾਰਿਆਂ ਦੀ ਬੇ-ਅਦਬੀ ਹੋਣ ਦੀ ਖਬਰ ਸੁਣਕੇ ਪੰਜ-ਛੇ ਸੌ ਦੇ ਲਗ ਪਗ ਸਿੰਘ ਜੋ ਇਕੱਠੇ ਹੋਏ ਸਨ, ਕਿਰਪਾਨਾਂ, ਬਰਛੇ ਆਦਿ ਸ਼ਸਤਰ ਲੈਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸਾ ਸੋਧਕੇ ਦਸ ਕੁ ਲਾਰੀਆਂ ਪੁਰ ਸਵਾਰ ਹੋ ਕੇ ਉਥੋਂ ਤੁਰੇ। ਰਾਹ ਵਿਚ ਭਵਾਨੀਪੁਰ ਦੀ ਪੋਲੀਸ ਟੀਅਰ ਗੈਸ ਆਦਿ ਛਡੀ ਤੇ ਛਡ ਕੇ ਰੋਕਨ ਦਾ ਜਤਨ ਕੀਤਾ, ਪਰ ਰੋਕ ਨ ਸਕੇ ਤੇ ਸਿੰਘਾਂ ਦਾ ਇਹ ਭਾਰੀ ਜਥਾ ਆਪਣੇ ਰਾਹੇ

ਅਗੇ ਵਧਦਾ ਹੀ ਗਿਆ। ਸਿੰਘਾਂ ਦੀ ਇਸ ਚੜ੍ਹਤ ਨੂੰ ਦੇਖ ਕੇ ਹੀ ਸਿੰਘਾਂ ਸੰਬੰਧੀ ਕਈ ਪ੍ਰਕਾਰ ਦੀਆਂ ਅਫ਼ਵਾਹਾਂ ਭੀ ਖੁਡੀਆਂ। ਇਨ੍ਹਾਂ ਅਫਵਾਹਾਂ ਦੇ ਆਧਾਰ ਪੁਰ ਹੀ ਗੁਰਦਵਾਰਾ ਬੜੀ ਸੰਗਤ ਦੇ ਸਾਮਣੇ ਹੈਰੀਸਨ ਰੋਡ ਪੁਰ ਗੌਰਨਮਿੰਟ ਨੇ ਮਸ਼ੀਨ ਗਨਾਂ ਅਤੇ ਗੋਰਖਾ ਪਲਟਨ ਭੇਜ ਕੇ ਇਸ ਜਥੇ ਨੂੰ ਰੋਕ ਲਿਆ । ਡੀਃਸੀਃ ਮੌਕੇ ਤੇ ਪੁਜਾ, ਤੇ ਸਿੰਘਾਂ ਦੀ ਇਸ ਚੜ੍ਹਾਈ ਸੰਬੰਧੀ ਪੁਛ ਗਿਛ ਕੀਤੀ। ਜਥੇ ਦੇ ੪ ਜ਼ਿਮੇਦਾਰਾਂ ਨੇ ਗਲ ਬਾਤ ਕੀਤੀ ਤੇ ਦਸਿਆ ਕਿ ਸੁਨਣ ਵਿਚ ਆਇਆ ਹੈ ਕਿ ਮੁਸਲਮਾਨਾਂ ਗੁਰਦਵਾਰਾਂ ਛੋਟੀ ਸੰਗਤ ਤੇ ਗੁਰਦਵਾਰਾ ਭਾਈ ਤਾਰਾ ਸਿੰਘ ਦੀ ਸੰਗਤ ਨੂੰ ਅਗ ਲਗਾਈ ਹੈ। ਡਿਪਟੀ ਕਮਿਸ਼ਨਰ ਨੇ ਖੁਤਰ ਦਿਤਾ ਕਿ ਇਹ ਅਫਵਾਹ ਨਿਰਮੂਲ ਹੈ, ਜ਼ਿਮੇਵਾਰ ਸਜਣ ਸਾਡੇ ਨਾਲ ਚਲ ਕੇ ਦੇਖ ਲਵੇ ਤੇ ਇਸ ਜਥੇ ਨੂੰ ਵਾਪਸ ਲੈ ਜਾਖੁ, ਕਿਖੁੰ ਜੋ ਤੁਹਾਡੀ ਇਸ ਚੜ੍ਹਾਈ ਨੂੰ ਦੇਖ ਕੇ ਦੂਜਿਆਂ ਨੂੰ ਬਹੁਤ ਦਹਿਸ਼ਤ ਹੋ ਰਹੀ ਹੈ। ਸੋ ੪ ਜ਼ਿਮੇਵਾਰ ਸਜਣ ਜਿਨ੍ਹਾਂ ਵਿਚ (੧) ਸ੍ਰਃ ਪੂਰਨ ਸਿੰਘ ਜੀ ਸਕੱਤ੍ਰ, ਭੀ ਸਨਖੁਪ੍ਰੋਕਤ ਗੁਰਦਵਾਰਿਆਂ ਵਿਚ ਗਏ ਤੇ ਤਸੱਲੀ ਕਰ ਆਏ ਕੇ ਸਭ ਠੀਕ ਠਾਕ ਹੈ , ਇਸ ਲਈ ਖੁਪ੍ਰੋਕਤ ਜਥਾ ਪੂਰੇ ਡਿਸਿਪਲਨ ਵਿਚ ਅਮਨ-ਅਮਾਨ ਵਾਪਸ ਭਵਾਨੀਪੁਰ ਜਗਤ-ਸੁਧਾਰ ਗੁਰਦਵਾਰੇ ਪੁਜਾ ਤੇ ਸਿੰਘ ਅਪਣੇ ੨ ਘਰਾਂ ਨੂੰ ਚਲੇ ਗਏ। ਕਿਸੇ ਤਰ੍ਹਾਂ ਦੀ ਕੋਈ ਘਟਨਾ ਨਹੀਂ ਹੋਈ। ਗ੍ਰਿਫ਼ਤਾਰੀ ਭੀ ਕੋਈ ਨਹੀਂ ਹੋਈ।

(੨) ੧੬-੮-੪੬ ਨੂੰ ਹੀ ਤਾਲੀ ਗੰਜ ਤੋਂ ਖਬਰ ਆਈ ਕਿ ਖੁਥੇ ਕੁਝ ਸਿੰਘ ਫਸਾਦੀਆਂ ਨੇ ਘੇਰ ਰਖੇ ਹਨ। ਜਿਨ੍ਹਾਂ ਦੀਆਂ ਜਾਨਾਂ ਚਲੀਆਂ ਜਾਂਣ ਦਾ ਅੰਦੇਸ਼ਾ ਹੈ। ਇਸ ਲਈ ਖੁਥੇ ਪੁਜ ਕੇ ਖੁਨ੍ਹਾਂ ਬਚਾਇਆ ਜਾਵੇ। ਸੋ ਸਰਦਾਰ ਅਜਾਇਬ ਸਿੰਘ ਜੀ ਨਿਰਮਲ ੨੫ ਕੁ ਸਿੰਘਾਂ ਦਾ ਜਥਾ ਇਕ ਟਰਕ ਪੁਰ ਲੈ ਕੇ ਤਾਲੀ ਗੰਜ ਪੁਜੇ। ਜਾਂਦਿਆਂ ਹੋਇਆਂ ਤਾਂ ਜਥੇ ਨੂੰ ਕਿਸੇ ਨੇ ਰੋਕਿਆ ਪਰ ਦੋ ਜ਼ਖਮੀ ਤੇ ਕੁਝ ਹੋਰ ਸਿੰਘਾਂ ਨੂੰ ਬਚਾਕੇ ਵਾਪਸ ਲਈ ਆਖੁੰਦਿਆਂ ਥਾਨਾਂ ਤਾਲੀ ਗੰਜ ਦੇ ਇਨਚਾਰਜ ਔਫੀਸਰ ਨੇ ਲਾਰੀ ਰੋਕ ਲਈ, ਸਿੰਘ ਗ੍ਰਿਫ਼ਤਾਰ ਕਰ ਲਏ ਤੇ ਟਰਕ ਵਿਚੋਂ ੨੧ ਕਿਰਪਾਨਾਂ ਆਦਿ ਕੁਝ ਹਥਿਆਰ ਹਿਰਾਸਤ ਵਿਚ ਲੈ ਲਏ, ਦੂਜੇ ਦਿਨ ਖੁਪ੍ਰੋਕਤ ਸਿੰਘਾਂ ਨੂੰ ਜ਼ੁਮਾਨਤ ਤੇ ਰਿਹਾ ਕਰਵਾ ਲਿਆ ਗਿਆ। । ਮੁਕੱਦਮਾਂ ਚਲ ਰਿਹਾ ਹੈ । ਖੁਪ੍ਰੋਕਤ ਸੇਵਕ ਜਥੇ ਨਾਲ ਟਰਕ ਦਾ ਕੰਡੈਕਟ੍ਰ ਇਕ ਮੁਸਲਮਾਨ ਭੀ ਸ਼ਾਮਲ ਸੀ, ਜੋ ਨਾਲ ਹੀ ਗ੍ਰਿਫਥਾਰ ਹੋਇਆ ਤੇ ਰਿਹਾ ਕਰਵਾਇਆ ਗਿਆ॥

ਇਸ ਤੋਂ ਬਿਨਾਂ ਖਿਦਰ ਪੁਰ , ਪਟੀਆ ਬੁਰਜ ਪਾਰਕ ਸਰਕਸ ਬਹੂ ਬਾਜ਼ਾਰ ਆਦਿ ਸੰਗੀਨ ਫਸਾਦੀ ਇਲਾਕਿਆਂ ਵਿਚੋਂ ਜਿਖੁੰ ੨ ਘਿਰੇ ਸਿੰਘ ਅਤੇ ਹਿੰਦੂ ਮੁਸਲਮਾਨ ਮਜ਼ਲੂਮਾਂ ਦੇ ਘਿਰੇ ਹੋਣ ਦੀਆਂ ਖਬਰਾਂ ਪੁਜ ਦੀਆਂ ਰਹੀਆਂ। ਮੁਹਲਾ ਭਵਾਨੀ ਪੁਰ ਦੇ ਸਿੰਘ ਅਪਣੇ ਆਪ ਨੂੰ ਸਖ਼ਤ ਖਤਰੇ ਵਿਚ ਪਾ ਕੇ ਹਨੇਰੇ ਸਵੇਰੇ ਜਾ ਜਾ ਕੇ ਲਿਆਖੁੰਦੇ ਰਹੇ। ਖੁਨ੍ਹਾਂ ਮਜ਼ਲੂਮਾਂ ਤੇ ਪਨਾਹ ਗੁਜ਼ੀਨਾਂ ਵਿਚੋਂ ਬਹੁਤ ਸਾਰਿਆਂ ਦੇ ਬਿਆਨਾਂ ਦੀਆਂ ਕਾਪੀਆਂ ਨਾਲ ਨਥੀ ਹਨ॥

ਪਨਾਹ ਗੁਜ਼ੀਨਾਂ ਵਿਚੋਂ ਵਰਨਣ ਯੋਗ ਖਾਸ ਖਾਸ ਨਾਉਂ ਹੇਠ ਲਿਖੇ ਅਨੁਸਾਰ ਹਨ:-

(੧) ਕਾਜ਼ੀ ਕਾਰਪੈਂਟ੍ਰੀ ਵਰਕਸ ਦੇ ੨੧ ਆਦਮੀਆਂ ਦੀ ਜਾਨ ਬਚਾਈ ਗਈ। ਜਿੰਨਾਂ ਦੇ ਨਾਵਾਂ ਦੀ ਲਿਸਟ ਤੇ ਉਨ੍ਹਾਂ ਵਲੋਂ ਧੰਨਵਾਦ ਦੀ ਚਿਠੀ ਸਿੰਘ ਸਭਾ ਦੇ ਦਫ਼ਤ੍ਰ ਦੇ ਰੀਕਾਰਡ ਵਿਚ ਪਈ ਹੈ।।

(੨) ੯ ਬਚੇ ਤੇ ੯ ਮੁਸਲਿਮ ਇਸਤ੍ਰੀਆਂ ਮੁਸੀਬਤ ਵਿਚੋਂ ਬਚਾਕੇ ਲਿਆਂਦੇ। ਤਿੰਨ ਦਿਨ ਗੁਰਦਵਾਰੇ ਵਿਚ ਰਖ ਕੇ ਸੇਵਾ ਕੀਤੀ ਗਈ , ਉਪ੍ਰੰਤ ਮੁਸਲਿਮ ਰੀਲੀਫ ਸੈਂਟ੍ਰ ਨੰ:੨੧ ਦੇ ਸੁਪੁਰਦ ਕੀਤੇ ਗਏ, ਜਿੰਨ੍ਹਾਂ ਵਲੋਂ ਮਿਲੀ ਰਸੀਦ ਸਿੰਘ ਸਭਾ ਦੇ ਰੀਕਾਰਡ ਵਿਚ ਮੌਜੂਦ ਹੈ।।

(੩) ਮੁਹਲਾ ਕੈਲਾਸ਼.ਸ਼ਾਹ ਲੈਂਡ ਨੰ:੬-ਏ ਦਾ ਰਹਿਣ ਵਾਲਾ ਮੁਸਲਮਾਨ ਆਲਾ ਦੀਨ ਰੰਗਰੇਜ਼ ਲਿਖਤੀ ਚਿਠੀ ਦਵਾਰਾ ਸਿੰਘਾਂ ਦਾ ਧੰਨਵਾਦ ਕਰਦਾ ਹੈ ਕਿ ਮੇਰੇ ਕੁੰਬੇ ਦੇ ੨੦ ਮੈਂਬਰਾਂ ਦੀ ਜਾਨ ਆਪ ਨੇ ਬਚਾਈ ਹੈ, ਚਿਠੀ ਦੀ ਨਕਲ ਨਾਲ ਨਥੀ ਹੈ। ਅਸਲ ਪਤ੍ਰਕਾਂ ਸਿੰਘ ਸਭਾ ਦੇ ਗੁਰਦਵਾਰੇ ਵਿਚ ਮੌਜੂਦ ਹੈ।

(੪) ਹਾਜੀ ਅਲੀ ਮੁਹੰਮਦ ਨੰ:੮-ਏ ਹੈਰਸ ਮੁਕਰਜੀ ਰੋਡ ਦੇ ਪ੍ਰੀਵਾਰ ਦੀ ਜਾਨ ਬਚਾਈ। ਹਾਜੀ ਸਾਹਿਬ ਜੀ ਨੇ ਧੰਨਵਾਦ ਦੇ ਤੌਰ ਤੇ ੧੦੦੦) ਗੁਰਦਵਾਰਾ ਸਾਹਿਬ ਨੂੰ ਦਾਨ ਦਿਤਾ।।

(੫) ਮੀਆਂ ਅਬਦੁਲ ਰਸ਼ੀਦ ਜਗੂ ਬਾਜ਼ਾਰ ਨੂੰ ਪ੍ਰੀਵਾਰ ਸਮੇਤ ਬਚਾਇਆ ਗਿਆ। ੧੧) ਨਕਦ ਖਾਨ ਪੀਣ ਲਈ ਦਿਤੇ ਗਏ।

(੬) ਅਬਦੁਲ ਕਰੀਮ ਏ:ਮੁਹੰਮਦ ਹਜ਼ਾਰਾ ਰੋਡ ਦਾ ਬਿਆਨ ਹੈ ਕਿ ਇਸ ਇਲਾਕੇ ਦੇ ਦੋ ਸੌ ਮੁਸਲਮਾਨਾਂ ਦੀ ਜਾਂਨ ਤੇ ਮਾਲ ਦੀ ਰਖਵਾਲੀ ਸਿੰਘਾਂ ਨੇ ਕੀਤੀ। ਸਿੰਘਾਂ ਦੇ ਇਸ ਉਪਕਾਰ ਉਹ ਕਦੇ ਨਹੀਂ ਭੁਲਾਣਗੇ। ਦੇਸ਼ ਦਰਪਣ ਅਖਬਾਰ ਰਾਹੀਂ ਧੰਨਵਾਦ ਕੀਤਾ ਗਿਆ, ਅਖਬਾਰ ਦਾ ਕਟਿੰਗ ਨਾਲ ਨਥੀ ਹੈ।

(੭) ਰਾਇ ਸਟ੍ਰੀਟ ਨੰ: ੨ ਤੇ ੨੩ ਤੇ ੭ ਵਿਚੋਂ ਇਕ ਮੁਸਲਮਾਨ ਡਾਕਟ੍ਰ ਦੇ ਪ੍ਰਵਾਰ ਤੇ ੯ ਹੋਰ ਮਜ਼ਲੂਮਾਂ ਸਮੇਤ ਸਰਦਾਰ ਸਜਣ ਸਿੰਘ ਜੀ ਨੇ ਮਹਿਫੂਜ਼ ਥਾਂ ਤੇ ਪੁਹੰਚਾਇਆ।।

(੮) ਸਰਦਾਰ ਤਰਲੋਕ ਸਿੰਘ ਜੀ ਰਾਹੀਂ ਸ਼ੰਭੂ ਨਾਥ ਪੰਡਤ ਹਸਪਤਾਲ ਲੇਨ ਵਿਚੋਂ ੧੫ ਮੁਸਲਮਾਨ ਤੇ ਜਸਟਿਸ ਦਵਾਰਕਾ ਨਾਥ ਵਿਚੋਂ ੧੦ ਮੁਸਲਮਾਨ ਔਰਤਾਂ ਤੇ ਬਚੇ ਬਚਾ ਕੇ ਮਿਲਟ੍ਰੀ ਲਾਰੀ ਰਾਹੀਂ ਮਹਿਫੂਜ਼ ਥਾਂ ਤੇ ਪਹੁੰਚਾਇਆ। ਇਸ ਸੰਬੰਧੀ ਦੇਸ਼ ਦਰਪਣ ਦੀ ਕਟਿੰਗ ਨਾਲ ਨਥੀ ਹੈ।

(੯) ਮੁਕਰਜੀ ਰੋਡ ਵਿਚ ਕਾਂਨਟੀਨੈਂਟਲ ਮੋਟਰ ਸਟੋਰ ਵਾਲਿਆਂ ਨੂੰ ਰਾਤ ਦੇ ੧੨ ਵਜੇ ਤਾਲੇ ਤੋੜ ਕੇ ਜਦ ਹਿੰਦੂਆਂ ਦਾ ਹਜੂਮ ਉਨ੍ਹਾਂ ਦੇ ਅੰਦਰ ਜਾ ਵੜਿਆ ਤਾਂ ਸਰਦਾਰ ਅਮਰ ਸਿੰਘ ਕਰਤਾਰ

ਸਿੰਘ ਕਸ਼ਮੀਰਾ ਸਿੰਘਜੀ ਮੋਟਰ ਸਟੋਰ ਵਾਲਿਆਂ ਨੇ ਪੁਜ ਕੇ ਉਪ੍ਰੋਕਤ ਮੁਸਲਿਮ ਪ੍ਰਵਾਰ ਨੂੰ ਅਪਣੇ ਘਰ ਲਿਆ ਕੇ ਰਖਿਆ ਤੇ ਬਚਾਇਆ॥

(੧੦)ਨੰ: ੫- ਅਸ਼ੂਤੋਸ਼ ਵਿਚ ੪ ਮੁਸਲਿਮ ਦੁਕਾਨਾਂ ਨੂੰ ਲੁਟੀਣ ਤੋਂ ਬਚਾਇਆ। ਤੇ ੧੦ ਆਦਮੀਆਂ ਦੀ ਜਾਨ ਬਚਾਈ ਜੋ ਕੋਲਿਆਂ ਦੀ ਦੁਕਾਨ ਵਿਚ ਛਿਪੇ ਹੋਏ ਸਨ, ਉਨ੍ਹਾਂ ਨੂੰ ਮਸਜਿਦ ਤਕ ਪਹੁੰਚਾਇਆ ਗਿਆ॥

(੧੧)ਇੰਡੀਆ ਮੋਟਰ ਸਟੋਰ ਦੇ ਪਿਛੇ ਜੋ ਭਾਰੀ ਸਟੋਰ ਹੈ, ਉਸ ਦੇ ੪ ਦਰਬਾਨ ਤੇ ੫ ਗਡੀਆਂ ਰੰਗ ਕਰਨ ਵਾਲੇ ਮੁਸਲਮਾਨ ਮਿਸਤ੍ਰੀ ਦੋ ੨ ਦਿਨਾਂ ਦੇ ਭੁਖੇ ਲੁਕੇ ਹੋਏ ਸਨ, ਉਨ੍ਹਾਂ ਨੂੰ ਖਾਣਾ ਪਹੁੰਚਾਇਆ ਗਿਆ। ਉਪ੍ਰੋਕਤ ਸਟੋਰ ਵਾਲਿਆਂ ਦਾ ਸਾਰਾ ਮੁਸਲਿਮ ਪ੍ਰਵਾਰ ਸਰਦਾਰ ਕਰਤਾਰ ਸਿੰਘ ਜੀ ਦੀ ਕੋਠੀ ਵਿਚ ਪਨਾਹ ਗੁਜ਼ੀਨ ਸੀ।

(੧੨) ਕੇ:ਐਸ: ਹਾਜੀ ਗੁਲਾਮ ਮੁਹੰਮਦ ਐਂਡ ਬ੍ਰਦਰਜ਼ ਦੇ ਭਾਰੀ ਪ੍ਰਵਾਰ ਦੀ ਜਾਨ ਬਚਾਈ ਗਈ, ਉਨ੍ਹਾਂ ਦੀ ਅੰਗ੍ਰੇਜ਼ੀ ਵਿਚ ਪਤ੍ਰਕਾ ਦੇਸ਼ ਦਰਪਣ ਵਿਚ ਛਪੀ ਹੈ। ਜਿਸ ਦੀ ਕਟਿੰਗ ਨਾਲ ਨਥੀ ਹੈ, ਪੜ੍ਹਨਯੋਗ ਹੈ। ਉਪ੍ਰੋਕਤ ਮਜ਼ਲੂਮ ਮੁਸਲਮਾਨਾਂ ਦੀ ਸੇਵਾ ਤੋਂ ਛੁਟ ਅਨੇਕ ਮੁਸਲਮਾਨਾਂ ਨੂੰ ਹਿੰਦੂ ਮੁਹੱਲਿਆਂ ਤੇ ਖਤਰਨਾਕ ਫਸਾਦੀ ਥਾਂਵਾਂ ਤੋਂ ਮੁਸਲਿਮ ਮੁਹੱਲਿਆਂ ਤੇ ਸੁਰਖੀਅਤ ਥਾਂਵਾਂ ਪੁਰ ਪਹੁੰਚਾਇਆ। , ਜਿਨ੍ਹਾਂ ਦੇ ਲਿਖਤੀ ਬਿਆਨ ਤੇ ਧੰਨਵਾਦਿ ਦੀਆਂ ਚਿਠੀਆਂ ਸਿੰਘ ਸਭਾ ਦੇ ਦਫਤ੍ਰ ਵਿਚ ਮੌਜੂਦ ਹਨ, ਤੇ ਉਨ੍ਹਾਂ ਦੇ ਨਾਂਵਾਂ ਅਤੇ ਥਾਂਵਾਂ ਦੀ ਲਿਸਟ ਭੀ ਮੌਜੂਦ ਹੈ॥

<u>ਸਿੰਘ ਤੇ ਹਿੰਦੂ</u>

ਹਜ਼ਾਰਾਂ ਮਜ਼ਲੂਮ ਹਿੰਦੂ ਤੇ ਸਿੱਖਾਂ ਦੇ ਨਾਵਾਂ ਤੇ ਥਾਂਵਾਂ ਦੀਆਂ ਲਿਸਟਾਂ ਸਿੰਘ ਸਭਾ ਦੇ ਦਫ਼ਤ੍ਰ ਵਿਚ ਮੌਜੂਦ ਹਨ, ਜਿੰਨ੍ਹਾਂ ਦੀਆਂ ਜਾਨਾਂ ਸਖਤ ਖਤਰਨਾਕ ਫਸਾਦੀ ਇਲਾਕਿਆਂ ਵਿਚ ਪੁਹੁੰਚ ਕੇ ਬਚਾਈਆਂ ਗਈਆਂ ਤੇ ਗੁਰਦਵਾਰੇ ਵਲੋਂ ਸਹਾਇਤਾ ਪਹੁੰਚਾਈ ਗਈ ਤੇ ਪਨਾਹ ਦਿਤੀ ਗਈ॥

ਉਪ੍ਰੋਕਤ ਰਿਪੋਰਟਾਂ ਦਰਜ ਕਰਾਉਂਦਿਆਂ ਹੋਇਆਂ ਸਕੱਤ੍ਰ ਸਾਹਿਬ ਨੇ ਦਸਿਆ ਹੈ ਕਿ ਸਿੰਘਾਂ ਨੇ ਜਾਨਾਂ ਹੂਲ ਕੇ ਬਿਨਾਂ ਵਿਤਕਰੇ ਤੋਂ ਹਿੰਦੂ ਤੇ ਮੁਸਲਮਾਨਾਂ ਮਸੀਬਤ ਜ਼ਦਾ ਲੋਕਾਂ ਦੀ ਸੇਵਾ ਕੀਤੀ ਹੈ ਪਰ ਸਾਨੂੰ ਅਫਸੋਸ ਹੈ ਕਿ ਪੋਲੀਸ ਨੇ ਬਾਵਜੂਦ ਸਾਡੀਆਂ ਕਈ ਬੇਨਤੀਆਂ ਦੇ ਭੀ ਇਮਦਾਦੀ ਕੰਮਾਂ ਵਿਚ ਜ਼ਰਾ ਜਿੰਨ੍ਹੀ ਸਹਾਇਤਾ ਨਹੀਂ ਦਿਤੀ, ਸਗੋਂ ਕਈ ਥਾਂਈਂ ਰੋਕ ਜ਼ਰੂਰ ਪਾਈ ਹੈ। ਸਾਡੀ ਉਪ੍ਰੋਕਤ ਸੇਵਾ ਦਾ ਚਰਚਾ ਹਿੰਦੂ ਤੇ ਮੁਸਲਮਾਨਦੋਵੇਂ ਕਰ ਰਹੇ ਹਨ। ਟ੍ਰਾਮਵੇ ਏਥੇ ੨੨-੮-੪੬ ਨੂੰ ਚਲੀ ਹੈ ਪਰ ਸਿੰਘਾਂ ਨੇ ਬਸ ਸਰਵਿਸਜ਼੨੦-੮-੪੬ ਤੋਂ ਹੀ ਬਾਕਾਇਦਾ ਜਾਰੀ ਕਰ ਦਿਤੀਆਂ ਸਨ। ਜਿਸ ਕਰਕੇ ਕਲਕਤੇ ਦੇ ਵਸਨੀਕ ਹਿੰਦੂ ਮੁਸਲਿਮ ਸਿੰਘਾਂ ਦੇ ਬਹੁਤ ੨ ਸ਼ੁਕਰ ਗੁਜ਼ਾਰ ਹਨ॥

ਕਲਕੱਤੇ ਵਿਚ ਸਿੰਘਾਂ ਦਾ ਜਾਨੀ ਨੁਕਸਾਨ:-

ਇਲਾਕਾ ਹਾਵੜਾ ਦੇ ਰਹਿਣ ਵਾਲੇ ੩ ਸਿੰਘ ਮੁਸਲਮਾਨਾਂ ਦੇ ਹਥੋਂ ਕਤਲ ਹੋਏ।

(੧) ਸ੍ਰ: ਪ੍ਰਤਾਪ ਸਿੰਘ ਜੀ, ਰੇਲਵੇ ਵਰਕਸ਼ਾਪ ਵਿਚ ਕਾਰਪੈਂਟ੍ਰ।

(੨) ਸ੍ਰ: ਕਰਤਾਰ ਸਿੰਘ ਜੀ, ਠੇਕੇਦਾਰ ਪਾਲਾ ਸਿੰਘ ਜੀ ਸ਼ਾਲੀਮਾਰ ਵਾਲੇ ਦੇ ਮੁਲਾਜ਼ਮ ਸਨ।

(੩) ਸ੍ਰ: ਹਰੀ ਸਿੰਘ ਜੀ, ਇਹ ਭੀ ਠੇਕੇਦਾਰ ਪਾਲਾ ਸਿੰਘ ਜੀ ਸ਼ਾਲੀਮਾਰ ਵਾਲੇ ਦੇ ਹੀ ਮੁਲਾਜ਼ਮ ਸਨ।

(ੁਪ੍ਰੋਕਤ ਦੋਹਾਂ ਆਦਮੀਆਂ ਦਾ ਪਤਾ ਲਗਾ ਹੈ ਕਿ ਇਹ ਰਾਤ ਨੂੰ ਲੁਟ-ਮਾਰ ਕਰਨ ਦੇ ਭੇੜੇ ਇਰਾਦੇ ਨਾਲ ਬਾਹਰ ਨਿਕਲੇ ਤੇ ਸੜਕ ਤੇ ਮਾਰੇ ਗਏ)

(੪) ਪਟੀਆ ਬੁਰਜ ਦੇ ਰਹਿਣ ਵਾਲੇ ਵਾਲੇ ਸਰਦਾਰ ਪ੍ਰੀਤਮ ਸਿੰਘ ਜੀ ੧੭/੮/੪੬ ਸਵੇਰੇ ਗੁਰਦਵਾਰੇ ਆਸਾ ਜੀ ਦੀ ਵਾਰ ਦਾ ਭੋਗ ਪਾਣ ਤੋਂ ਬਾਹਦ ਆਪ ਜੀ ਡਿਊਟੀ (ਕਿਸੇ ਪ੍ਰਾਈਵੇਟ ਕਾਰ ਦਾ ਮੋਟਰ ਡਰਾਈਵਰ ਸੀ) ਲਈ ਤੁਰਿਆ ਤੇ ਰਾਹ ਵਿਚ ਬਚਾਲੀ ਘਾਟ ਮੰਦਰ ਦੇ ਕੋਲ ਮੁਸਲਮਾਨਾਂ ਨੇ ਮਾਰ ਦਿਤਾ।

(੫) ਸਰਦਾਰ ਲਾਹੌਰਾ ਸਿੰਘ ਜੀ ਪਟੀਆ ਬੁਰਜ ਮੁਹੱਲੇ ਆਪਣੇ ਮਕਾਨ ਵਿਚ ਪਾਣੀ ਭਰਦਾ ਹੋਇਆ ਬੂਹਾ ਭੰਨ ਕੇ ਅੰਦਰ ਜਾ ਕੇ ਮੁਸਲਮਾਨਾਂ ਨੇ ਮਾਰਿਆ, ਤੇ ਵੱਡ ਟੁਕ ਕੇ ਲਾਸ਼ ਦੀ ਬੇ-ਹੁਰਮਤੀ ਕੀਤੀ।।

(੬) ੁਪ੍ਰੋਕਤ ਸਿੰਘ ਦੇ ਭਾਈ ਭਗਤ ਸਿੰਘ ਜੀ ਨੂੰ ਸਖ਼ਤ ਜ਼ਖਮੀ ਕਰਕੇ ਸੁਟ ਗਏ ਸਨ ਪਰ ੁਹ ਬਚਾ ਲਿਆ ਗਿਆ ਹੈ।

(੭) ਸਰਦਾਰ ਵਧਾਵਾ ਸਿੰਘ ਜੀ ਪਟੀਆ ਬੁਰਜ ਰਾਮ ਪ੍ਰਤਾਪ ਦੇ ਹੋਟਲ ਤੋਂ ਰੋਟੀ ਖਾਕੇ ਅਪਣੀ ਗਲੀ ਵਿਚ ਦਰਵਾਜ਼ਾ ਖੋਲ ਕੇ ਅੰਦਰ ਵੜਦਿਆਂ ਹੀ ਘੇਰ ਕੇ ਤੇ ਖੋਖਰੀ ਮਾਰ ਕੇ ਸਖ਼ਤ ਜ਼ਖਮੀ ਕਰ ਦਿਤਾ ਜੋ ਹਸਪਤਾਲ ਪ੍ਰਜ ਕੇ ਮਰ ਗਿਆ।

(੮ ਤੋਂ ੧੨) ਸਰਦਾਰ ਕਾਲਾ ਸਿੰਘ ਜੀ ਦਾ ਹੋਟਲ ਅਿਪਰ ਸਟ੍ਰੀਟ ਵਿਚ ਸੀ। ਇਸ ਦਾ ਸਾਰਾ ਪ੍ਰਵਾਰ ਜਿਸ ਦੇ ਪੰਜ ਮੈਂਬਰ ਸਨ ਮਾਰ ਕੇ ਕੀਮਾ ੨ ਕਰ ਕੇ ਤੰਦੂਰ ਵਿਚ ਸੁਟ ਦਿਤੇ ਗਏ। ਜਿਸ ਦੀ ਰਿਪੋਰਟ ਥਾਨੇ ਵਿਚ ਦੇ ਦਿਤੀ ਗਈ ਹੈ। ਇਸ ਦੇ ਪੜੋਸ ਵਿਚ ਕਿਸੇ ਸਿੰਘ ਦਾ ਘਰ ਨਹੀਂ।

(੧੩, ੧੪, ੧੫) ਭਾਈ ਤੇਜਾ ਸਿੰਘ ਜੀ ਸਿਆਲਦਾਰ ਸਟੇਸ਼ਨ ਦੇ ਕੋਲ ਦਾ ਵਸਨੀਕ ਹੈ। ੁਸ ਨੇ ਰਿਪੋਰਟ ਦਿਤੀ ਹੈ ਕਿ ਮੇਰੇ ਸਾਹਮਣੇ ੧੬-੮-੪੬ ਨੂੰ ੧ ਸਿੰਘ ਟੈਕਸੀ-ਡਰਾਈਵਰ ਮੁਸਲਮਾਨਾਂ ਨੇ ਮਾਰਿਆ ਤੇ ਟੈਕਸੀ ਜਲਾ ਦਿਤੀਅਤੇ ਦੋ ਸਿੰਘ ਸੜਕ ਤੇ ਮੇਰੇ ਦਰਵਾਜ਼ੇ ਦੇ ਸਾਹਮਣੇ ਮਰੇ ਹੋਏ ਦੇਖੇ। ਜਿਨ੍ਹਾਂ ਨਾਵਾਂ

ਦੇ ਸੰਬੰਧ ਵਿਚ ਮੈਂ ਕੁਝ ਨਹੀਂ ਦਸ ਸਕਦਾ। ੧੭-੮-੪੬ ਨੂੰ ਮੈਂ ਅਪਣੀ ਕਿਸੇ ਸਰ੍ਹਾਂ ਜਾਂਣ ਬਚਾ ਕੇ ਗੁਰਦਵਾਰਾ ਜਗਤ ਸੁਧਾਰ ਪੁਜ ਗਿਆ।

(੧੬) ੨੧ ਨੰਬਰ ਸੱਯਦ ਸਾਦੀ ਲੇਨ ਮਛੂਆ ਬਾਜ਼ਾਰ ਵਿਚ ਮੁਸਲਮਾਨਾਂ ਨੇ ਗੋਲੀ ਚਲਾਈ ਤੇ ਰਾਸਮਨੀ ਦੇਵੀ ਸੁਪਤਨੀ ਸਰਦਾਰ ਹਰੀ ਸਿੰਘ ਜੀ ਨੂੰ ਗੋਲੀ ਲਗੀ ਜੋ ਆਪਣੇ ਮਕਾਨ ਵਿਚ ਹੀ ਮਰ ਗਈ।

(੧੭ ਤੋਂ ੧੮) ਸੈਂਟ੍ਰਲ ਐਵੀਨਿਊ ਨੰ: ੯੨-ਏ ਮਕਾਨ ਵਿਚ ਸਰਦਾਰ ਮੋਹਣ ਸਿੰਘ ਜੀ ਪਿੰਡ ਕਾਰਵਾਂ ਜ਼ਿਲਾ ਜਾਲੰਧਰ ਦਾ ਬਿਆਨ ਹੈ ਕਿ ਭਾਈ ਧਰਮ ਸਿੰਘ ਜੀ ਮੇਰੇ ਪੜੋਸੀ ਸੀ ਜਿਨ੍ਹਾਂ ਨੂੰ ਤਾਰੀਖ ੧੬-੮-੪੬ ਸ਼ਾਮ ਦੇ ੪-੫ ਵਜੇ ਕਤਲ ਕੀਤਾ ਗਿਆ। ਘਟਨਾਂ ਇਸ ਪ੍ਰਕਾਰ ਹੋਈ:- ਦੁਕਾਨ ਤੋਂ ਸਿੰਘ ਘਰ ਨੂੰ ਆ ਰਿਹਾ ਸੀ। ਮਕਾਨ ਦੇ ਕੋਲ ਪੁਜ ਕੇ ਦੋ ਤਿੰਨ ਸੌ ਮੁਸਲਮਾਨਾਂ ਨੇ ਸਿੰਘ ਖੁਰ ਹਮਲਾ ਕਰ ਦਿਤਾ। ਸਿੰਘ ਨੇ ਕਿਸੇ ਹੋਰ ਕੋਲੋਂ ਹੀ ਹਥਿਆਰ ਖੋਹ ਕੇ ਮੁਕਾਬਲਾ ਕੀਤਾ। ਇਕ ਦੋ ਮੁਸਲਮਾਨ ਮਾਰੇ ਭੀ ਪਰ ਬਹੁਤਿਆਂਅਗੇ ਕੋਈ ਪੇਸ਼ ਨਾ ਗਈ। ਅਤੇ ਪੇਸ਼ ਨ ਜਾਂਦੀ ਦੇਖ ਕੇ ਪਾਸ ਦੇ ਇਕ ਮਕਾਨ ਦੇ ਪਾਈਪ ਨੂੰ ਪਕੜ ਕੇ ਦੋ ਮੰਜ਼ਲਾ ਮਕਾਨ ਤੇ ਚੜ੍ਹ ਗਿਆ। ਇਤਫਾਕ ਨਾਲ ਉਹ ਮਕਾਨ ਭੀ ਮੁਸਲਮਾਨਾਂ ਦਾ ਸੀਉਹਨਾਂ ਦੋ ਤਲੇ ਤੋਂ ਹੀ ਹੇਠਾਂ ਸੁਟ ਦਿਤਾ। ਸਿੰਘ ਦੀ ਦੁਕਾਨ ਲਕੜੀ ਦੇ ਕੰਮ ਦੀ ਸੀ। ਦੁਕਾਨ ਬੰਦ ਕਰਕੇ ਘਰ ਕੁਝ ਖਾਣ ਪੀਣ ਲਈ ਆ ਰਿਹਾ ਸੀ।

(੧੯) ਭਾਈ ਸੁਰਜੀਤ ਸਿੰਘ ਜੀ ਲੁਧਿਆਨਵੀ ਸੰਬੰਧੀ ਵੀ ਉਪ੍ਰੋਕਤ ਸ੍ਰਦਾਰ ਮੋਹਣ ਸਿੰਘ ਨੇ ਰਿਪੋਰਟ ਦਿਤੀ ਹੈ। ਕਿ ਸੁਰਜੀਤ ਸਿੰਘ ਬਰਾਡਵੇ ਹੋਟਲ ਪੁਰ ਰਹਿੰਦਾ ਸੀ ਤੇ ਤਰਖਾਨਾਂ ਕੰਮ ਕਰਦਾ ਸੀ। ਸਾਡੀ ਦੁਕਾਨ ਪੁੇਰ ਉਸ ਦਾ ਆਉਣ ਜਾਣ ਸੀ। ੧੭-੮-੪੬ ਨੂੰ ਅਸੀ ਦੁਕਾਨ ਬੰਦ ਕਰਕੇ ਚਲੇ ਆਏ ਉਹ ਸਾਡੀ ਦੁਕਾਨ ਪੁਰ ਆਇਆ ਤੇ ਮੁਸਲਮਾਨ ਹੁਜੂਮ ਉਸ ਪਰ ਟੁਟ ਪਿਆ , ਸਾਡੀ ਦੁਕਾਨ ਲੁਟ ਲਈ ਗਈ ਅਤੇ ਉਸ ਦੇ ਟੁਕੜੇ ੨ ਕਰ ਕੇ ਬੋਰੀ ਵਿਚ ਪਾ ਕੇ ਉਥੇ ਰਖ ਗਏ । ਅਸੀ ਜਦ ੨੦-੮-੪੬ ਨੂੰ ਵਾਪਸ ਆਏ ਦੁਕਾਨ ਖੋਲੀ ਤੇ ਬੋਰੀ ਵਿਚ ਪਈ ਲਾਸ਼ ਨੂੰ ਪੋਲੀਸ ਦੇ ਹਵਾਲੇ ਕਰ ਦਿਤਾ।

(੨੦ ਤੋਂ ੨੧) ਪੀ-੩੧ ਮੇਹਰ ਲਸ਼ਕਰ ਲੇਨ ਪਾਰਕ ਸਰਕਸ ਤੋਂ ਸ੍ਰਦਾਰ ਗੁਰਦਿਤ ਸਿੰਘ ਜੀ ਦਾ ਬਿਆਨ ਹੈ ਕਿ ਅਸੀਂ ਛੇ ਆਦਮੀ ਉਥੇ ਰਹਿੰਦੇ ਸਾਂ । ੪ ਆਦਮੀ ਤਾਂ ਉਥੋਂ ਭੱਜ ਆਏ , ੧ ਮੇਰਾ ਭਤੀਜਾ ਸੁਰਜਨ ਸਿੰਘ ਤੇ ਭਾਈ ਤੁਲਸਾ ਸਿੰਘ ਜ਼ਿਲਾ ਗੁਜਰਾਤ ਦਾ ਸਿੰਘ ਕਤਲ ਹੋ ਗਏ। ਤੁਲਸਾ ਸਿੰਘ ਦੀ ਪਤਨੀ ਹਸਪਤਾਲ ਵਿਚ ਜ਼ਖਮੀ ਮਿਲੀ ਤੇ ੧੨ ਸਾਲ ਦੀ ਲੜਕੀ ਨੇ ਪੜੋਸ ਦੇ ਮੁਸਲਮਾਨਾਂ ਦੇ ਘਰ ਵੜ ਕੇ ਜਾਨ ਬਚਾਈ। ਉਨ੍ਹਾਂ ਸ਼ਰੀਫ ਮੁਸਲਮਾਨਾਂ ਨੇ ਉਪ੍ਰੋਕਤ ਬੀਬੀ ਨੂੰ ਗੁਰਦਵਾਰਾ ਜਗਤ ਸੁਧਾਰ ਪਹੁੰਚਾ ਦਿਤਾ।

(੨੩) ੳੁਪ੍ਰੋਕਤ ਸਰਦਾਰ ਗੁਰਦਿਤ ਸਿੰਘ ਜੀ ਦਾ ਹੀ ਬਿਆਨ ਹੈ ਕਿ ਸਾਡੇ ਮਕਾਨ ਤੋਂ ਦੋ ਕੁ ਮਕਾਨ ਅਗੇ ਜਾ ਕੇ ਸਰਦਾਰ ਰਾਮ ਸਿੰਘ ਤੇ ੳੁਸ ਦਾ ਸਾਥੀ ਡੇਲੋਂ ਵਾਲਾ ਸਿੰਘ ਇਹ ਦੋਵੇਂ ਅਪਣੇ ਮਕਾਨ ਵਿਚ ਹੀ ਮਾਰ ਦਿਤੇ ਗਏ। ਤੇ ਮਾਲ ਅਸਬਾਬ ਭੀ ਲੁਟ ਲਿਆ ਗਿਆ। ਸਰਦਾਰ ਰਾਮ ਸਿੰਘ ਜੀ ਕਿਲਾ ਰਾਇਪੁਰ ਜ਼ਿਲਾ ਲੁਧਿਆਨਾ ਦੇ ਰਹਿਣ ਵਾਲੇ ੧੩੫-ਸੀ, ਚਿਤਰਿੰਜਨ ਐਵੀਨਿਊ, ਕਲਕੱਤਾ ਦੇ ਰਹਿਣ ਵਾਲੇ ਸਰਦਾਰ ਛੀਵਾਨ ਸਿੰਘ ਜੀ ਮਲਕ ਰਈਸ ਸਕ੍ਰੀਨ ਕੰ: ਫ਼ਸਾਦ ਵਿਚ ਅਪਣੀ ਦੁਕਾਨ ਦੇ ਅੰਦਰ ਹੀ ਮਾਰੇ ਗਏ। ੨੫-੮-੪੬ ਨੂੰ ੳੁਸ ਦੇ ਸਾਥੀ ਗੁਰਦਿਆਲ ਸਿੰਘ ਨੇ ਆ ਕੇ ਦੇਖਿਆ ਤਾਂ ਪੋਲੀਸ ਵਿਚ ਰਿਪੋਰਟ ਦਰਜ ਕਰਾਈ। ਮਾਰਨ ਵਾਲੇ ਮੁਸਲਮਾਨ ਦਾ ਰਾਸ਼ਨ ਕਾਰਡ ੳੁਥੇ ਡਿਗਾ ਹੋਇਆ ਸੀ। ਜੋ ਪੋਲੀਸ ਵਿਚ ਦਾਖਲ ਕਿਰਾਇਆ ਗਿਆ ਹੈ, ਪੋਲੀਸ ਰਿਪੋਰਟ ਦੀ ਕਾਪੀ ਨਾਲ ਨਥੀ ਹੈ।

(੨੪) ਸਰਦਾਰ ਗੁਰਦਿਆਲ ਸਿੰਘ ਜੀ ਰਾਜੂਆਨਾ ਜ਼ਿਲਾ ਲੁਧਿਆਨਾ ਡਾਕਦ੍ਰ ਰਾਜਿੰਦ੍ਰਾ ਰੋਡ ਨੇ ਰਿਪੋਰਟ ਦਿਤੀ ਹੈ ਕਿ ਮੇਰਾ ਛੋਟਾ ਭਾਈ ਜਾਗੀਰ ਸਿੰਘ ਫਸਾਦ ਹਟਨ ਤੋਂ ਬਾਹਦ ੨੩ ਅਗਸਤ ਦੀ ਸ਼ਾਮ ਨੂੰ ਟੈਕਸੀ ਨੰ:੨੦੬ ਮਾਲੀ ਪੁਰੋਂ ਤਿੰਨ ਮੁਸਲਮਾਨ ਮੁਸਾਫਰਾਂ ਨੂੰ ਲੈਕੇ ਧਰਮ ਤਲਾ ਮੈਜਿਸਟਿਕ ਹੋਟਲ ਦੀ ਪਿਛਲੀ ਗਲੀ ਵਿਚ ਪੁਜਾਤੇ ੳੁਥੇ ਬਜਾਏ ਕਰਾਇਆ ਦੇਣ ਤੋਂ ੳੁਸ ਨੂੰ ੳੁਥੇ ਕਤਲ ਕਰ ਦਿਤਾ ਗਿਆ।ੳੁਹ ੨੨ ਸਾਲ ਦਾ ਨੌਜਵਾਨ ਸੀ। ਜਿਸ ਦੀ ਲਾਸ਼ ਦਾ ਅਜੇ ਤਕ ਕੋਈ ਪਤਾ ਨਹੀਂ ਲਗਾ।

(੨੫,੨੬,੨੭) ੨੫ ਕਾਲਕ ਸਟ੍ਰੀਟ ਬੇਨਸ਼ਲੀ ਵਿਖੇ ਤਿੰਨ ਕਤਲ ਹੋਏ, ੧ ਮਰਦ, ੧ ਇਸਤ੍ਰੀ ਤੇ ਇਕ ਬਚਾ। ਇਹ ਘਟਨਾ ਅਤਿ ਦਰਦਨਾਕ ਹੈ ਜਿਸ ਦੀ ਰਿਪੋਰਟ ਦਿਲਬਾਗ ਰਾਏ ਐਨੀ ਸ਼ਾਹਦ ਨੇ ਦਿਤੀ ਹੈ ਹੇਠਾਂ ਜੋ ਦੋ ਦਰਦਨਾਕ ਘਟਨਾਂਵਾਂ ਦਰਜ ਹਨ ੳੁਨ੍ਹਾਂ ਵਿਚੋਂ ਇਕ ਇਹ ਹੈ।

ਇਹ ੨੭ ਸਿੰਘਾਂ ਦੀਆਂ ਮੌਤਾਂ ਦੀ ਰਿਪੋਰਟ ਪ੍ਰਾਪਤ ਹੋ ਚੁਕੀ ਹੈ ਪਰ ਕੋਈ ਹੋਰ ਭੀ ਅਜਿਹਆਂ ਮੌਤ-ਘਟਨਾਂਵਾਂ ਹੋਈਆਂ ਹਨ ਜਿੰਨ੍ਹਾਂ ਦੀ ਹਾਲੇ ਰਿਪੋਰਟ ਨਹੀਂ ਆਈ। ਕੁਲ ਮੌਤਾਂ ਦਾ ਅਨੁਮਾਨ ੩੦ ਤੇ ੪੦ ਦੇ ਦਰਮਿਆਨਹੈ।

<u>ਇਕ ਦਰਦਨਾਕ ਘਟਨਾਂ:</u>-

ਮੈਂ ਦਿਲਬਾਗ ਰਾਇ ਛੇ ਕੁ ਸਿੰਘ ਸਾਥੀਆਂ ਸਮੇਤ ੨੫ ਕਾਲਕ ਸਟ੍ਰੀਟ (ਬਨਸ਼ਾਲੀ) ਵਿਚ ਰਹਿੰਦਾ ਸਾਂ। ੧੬-੮-੪੬ ਨੂੰ ਸੁਣਿਆ ਕਿ ਫ਼ਸਾਦ ਸ਼ੁਰੂ ਹੋ ਗਿਆ ਹੈ। ਸ਼ਾਂਮ ਨੂੰ ਸਾਡੇ ਮੁਹੱਲੇ ਵਿਚ ਭੀ ਫਸ਼ਾਦ ਸ਼ੁਰੂ ਹੋਇਆ। ਤੇ ਸਾਡੇ ਨਾਲ ਦਾ ਮਕਾਨ ਲੁਟਿਆ ਗਿਆ। ਅਸਾਂ ਅਪਣੇ ਮਕਾਨ ਦੇ ਦਰਵਾਜ਼ੇ ਬੰਦ ਕਰ ਲਏ। ਫ਼ਸਾਦੀ ਸਾਡੇ ਮਕਾਨ ਦਾ ਦਰਵਾਜ਼ਾ ਤੋੜ ਕੇ ਅੰਦਰ ਆਏ ਅਸਾਂ ਮੁਕਾਬਲਾ ਕੀਤਾ ਤੇ ਬਾਹਰ ਕਢ ਦਿਤਾ। ਇਟ ਵੱਟੇ ਦੀ ਲੜਾਈ ਜਾਰੀ ਹੋ ਗਈ ਜੋ ਲਗਾਤਾਰ ਦੋ ਢਾਈ ਘੰਟੇ ਤਕ ਜਾਰੀ ਰਹੀ। ਫ਼ਸਾਦੀਆਂ ਨੇ ਅੱਗ ਲਗਾ ਦਿਤੀ ਜੋ ਅਸਾਂ ਬੁਝਾ ਦਿਤੀ। ੳੁਪ੍ਰੰਤ ਬਾਰਸ਼ ਸ਼ੁਰੂ ਹੋ ਗਈ ਤੇ ਫ਼ਸਾਦੀ ਏਧਰ ੳੁਧਰ ਲੁਕ ਗਏ। ਬਾਰਸ਼ ਰੁਕਣ ਪੁਰ ਫਿਰ ੳੁਹ ਆਏ ਤੇ ਦਰਵਾਜ਼ੇ ਭੰਨ ਕੇ ਅੰਦਰ ਆ ਵੜੇ ਸਭ ਤੋਂ ਪਹਿਲਾਂ ਮੈਂ ਜ਼ਖਮੀ ਹੋ ਕੇ ਬੇ-ਹੋਸ਼ ਹੋ ਕੇ ਡਿਗ ਪਿਆ।

ਅਪਣੇ ਵਲੋਂ ਥਾਂ ਭੁਨ੍ਹਾਂ ਮੈਨੂੰ ਮਾਰ ਹੀ ਸੁਟਿਆ ਸੀ ਪਰ ਮੇਰਾ ਮਕਾਨ ਲੁਟ ਲਿਆ ਤੇ ਉਪਰ ਚੜ੍ਹ ਗਏ ਜਦੋਂ ਮੈਨੂੰ ਹੋਸ਼ ਆਈ ਤਾਂ ਮੈਂ ਕੋਲ ਦੀ ਟੱਟੀ ਵਿਚ ਜਾ ਲੁਕਿਆ। ਲਹੂ ਵਿਚ ਲਥ ਪੱਥ ਹੋਇਆ ੨ ਥਾਂ। ਮੈਂ ਸੁਣ ਰਿਹਾ ਸਾਂ ਕਿ ਬਲਵਾਈਆਂ ਨੇ ਕਰਤਾਰ ਸਿੰਘ ਨੂੰ ਫਾਹ ਕੇ ਜ਼ੁਬਹ ਕਰਕੇ ਮਾਰਿਆ। ਉਸ ਦਾ ਢਾਈ ਸਾਲ ਦਾ ਬਚਾ ਉਸ ਦੀ ਮਾਂ ਦੇ ਸਾਹਮਣੇ ਟੁਕੜੇ ੨ ਕਰ ਸੁਟ ਦਿਤਾ। ਮੈਨੂੰ ਉਸ ਲੜਕੇ ਦੀ ਮਾਂ ਦੀ ਆਵਾਜ਼ ਸੁਣਾਈ ਦੇ ਰਹੀ ਸੀ। ਜੋ ਰੋ ਰੋ ਕੇ ਚਿਲੱਾ ਰਹੀ ਸੀ ਕਿ "ਹਾਏ ਮੇਰਾ ਭਜਨ ਮਾਰ ਦਿਤਾ" ਉਪ੍ਰੰਤ ੪ ਇਸਤ੍ਰੀਆਂ ਨੂੰ ਇਹ ਕਿਹਾ ਗਿਆ ਕਿ ਤੁਹਾਨੂੰ ਗੁਰਦਵਾਰੇ ਪਹੁੰਚਾ ਦਿੰਦੇ ਹਾਂ। ਉਥੋਂ ਲੈ ਗਏ ਤੇ ਅਜ ਤਕ ਉਨ੍ਹਾਂ ਦਾ ਕੁਝ ਪਤਾ ਨਹੀਂ। ਤੇ ਨਾਂ ਹੀ ਮੇਰੇ ਪੜੋਸ ਵਿਚ ਰਹਿਣ ਵਾਲੇ ਸਿੰਘ ਦਾ ਹੀ ਕੋਈ ਪਤਾ ਲਗਾ ਹੈ।

<u>ਸਿੱਖਾਂ ਤੇ ਹਿੰਦੂਆਂ ਦੀ ਸਹਾਇਤਾ ਕਰਨ ਪੁਰ ਇਕ ਮੁਸਲਮਾਨ ਦੀ ਬੇ-ਇਜ਼ਤੀ:-</u>

ਮਤੀਆ ਪੁਰ ਦਾ ਵਸਨੀਕ ਇਕ ਜਮਾਂਦਾਰ ਤਾਰਾ ਸਿੰਘ ਜੀ ਨੇ ਬਿਆਨ ਕੀਤਾ ਹੈ ਕਿ ਜਦੋਂ ਅਸੀਂ ਇਕਲੇ ੨ ਆਪਣੇ ਅਪਣੀ ਥਾਂਈਂ ਮੁਸੀਬਤ ਵਿਚ ਘਿਰੇ ਗਏ। ਅਪਣੀ ਜਾਣ ਬਚਾਉਣ ਲਈ ਮੈਂ ਏਧਰ ਉਧਰ ਨਿਗਾਹ ਮਾਰ ਰਿਹਾ ਸਾਂ ਕਿ ਏਨੇ ਵਿਚ ਮੈਨੂੰ ਮੇਰੇ ਪੜੋਸੀ ਮੁਜ਼ਫਰ ਨੇ ਮੈਨੂੰ ਪਨਾਹ ਦੇਣ ਦਾ ਇਸ਼ਾਰਾ ਕੀਤਾ, ਤੇ ਮੈਂ ਡਰਦਾ ੨ ਦੋ ਔਰਤਾਂ, ਦੋ ਲੜਕੇ ਅਸੀਂ ਪੰਜੇ ਜੀਆਂ ਨੇ ਉਸ ਦੇ ਘਰ ਅੰਦਰ ਆ ਪਨਾਹ ਲਈ। ੧੭/੧੮/੧੯-੮-੪੬ ਤਿੰਨ ਦਿਨ ਜਾਨ ਹਥੇਲੀ ਤੇ ਰਖ ਕੇ ਮੁਜ਼ਫਰ ਨੇ ਸਾਡੀ ਰਖਿਆ ਕੀਤੀ। ੨੦-੮-੪੬ ਨੂੰ ਰਾਤ ਦੇ ੧੨ ਵਜੇ ਪੋਲੀਸ ਨੂੰ ਖਬਰ ਦੇ ਕੇ ਸਾਨੂੰ ਥਾਨੇ ਲਿਆਂਦਾ ਗਿਆ ਤੇ ਉਥੋਂ ਗੁਰਦਵਾਰਾ ਜਗਤ ਸੁਧਾਰ ਪਹੁੰਚਾਇਆ ਗਿਆ। ਸਾਡੇ ਚਲੇ ਆਉਣ ਤੋਂ ਬਾਹਦ ਮੁਹੱਲੇ ਦੇ ਮੁਸਲਮਾਨਾਂ ਨੇ ਪੰਚਾਇਤ ਕਰਕੇ ਸਾਨੂੰ ਬਚਾਉਣ ਦੇ ਦੋਸ਼ ਵਿਚ ਮੁਜ਼ਫਰ ਨੂੰ ਮੂੰਹ ਕਾਲਾ ਕਰਕੇ ਗਲੀ ਵਿਚ ਫਿਰਾਇਆ। ਅਮਨ ਹੋ ਜਾਣ ਤੋਂ ਬਾਹਦ ਮੁਜ਼ਫਰ ਨੇ ਇਨ੍ਹਾਂ ਗੁੰਡਿਆਂ ਨੂੰ ਗ੍ਰਿਫ਼ਤਾਰ ਕਰਵਾ ਦਿਤਾ ਹੈ, ਕੇਸ ਚਲ ਰਿਹਾ ਹੈ।।

****

<u>ਸਿੱਖ ਨੌਜਵਾਨ ਦੀ ਵੀਰਤਾ:-</u>

ਸਿੱਖਾਂ ਨੇ ਕਲਕਤੇ ਦੇ ਫਸਾਦ ਵਿਚ ਮਜ਼ਲੂਮਾਂ ਦੀ ਸੇਵਾ ਤੇ ਸਹਾਇਤਾ ਕਰਦਿਆਂ ਕਈ ਥਾਂਈਂ ਬੜੀ ਵੀਰਤਾ ਦਿਖਾਈ ਹੈ। ਵਨਗੀ ਮਾਤ੍ਰ ਇਕ ਘਟਨਾਂ ਦਾ ਵਰਨਣ ਇਸ ਪ੍ਰਕਾਰ ਹੈ:-

ਇਕ ਸਰਦਾਰ ਭਗਵਾਨ ਸਿੰਘ ਤਾਲੀਮ ਯਾਫਤਾ ਨੌਜਵਾਨ ਹੈ। ਰੇਲਵੇ ਵਿਚ ਕਲਰਕ ਹੈ ਉਸ ਦਾ ਬਿਆਨ ਹੈ ਕਿ ਜੋ ਉਸ ਨੁ ਦਸਤੀ ਲਿਖ ਕੇ ਦਿਤਾ ਹੈ ਇਸ ਪ੍ਰਕਾਰ ਹੈ।-

ਮੈਂ ਤਾਰਾ ਚੰਦ ਦਤ ਸਟ੍ਰੀਟ ਵਿਚ ਇਕੱਲਾ ਹੀ ਸਿੰਘ ਰਹਿੰਦਾ ਸਾਂ। ਮੁਹੱਲਾ ਮੁਸਲਮਾਨਾਂ ਦਾ ਹੈ। ੧੬ ਤੋਂ ੧੯ ਤਾਰੀਖ ਤਕ ਮੁਸਲਮਾਨਾਂ ਨੇ ਜੋ ਅਤਿਆਚਾਰ ਇਸ ਮੁਹਲੇ ਵਿਚ ਕੀਤਾ ਉਹ ਵਰਨਣ ਤੋਂ ਬਾਹਰ ਹਨ। ਮਕਾਨ ਨੰ: ੮, ੧੨, ੧੩, ਤੇ ੨੦ ਨੂੰ ਜਿੰਨ੍ਹੀ ਵਾਰੀ ਲਾ ਸਕੇ ਉਨ੍ਹਾਂ ਪਟ੍ਰੋਲ ਪਾ ਕੇ ਅਗ ਲਾਈ ਤੇ ਮਸਾਂ ਬੁਝਾਈ। ਇਟਾਂ ਸੋਡੇ ਦੀਆਂ ਬੋਤਲਾਂ ਮਾਰਨ ਦਾ ਜਿੰਨ੍ਹਾਂ ਜ਼ੋਰ ਦੇ ਸਕਦੇ ਸੀ ਦਿਤਾ। ਅਸਾਂ ਮੁਕਾਬਲਾ ਕੀਤਾ। ਸੁਹਰਾਵਰਦੀ ਵਜ਼ੀਰ ਨੇ ਇਹ ਮੁਹੱਲਾ

ਅਪਣੀ ਅਥੀਂ ਦੇਖਿਆਂ ਤੇ ਕੋਈ ਪ੍ਰਬੰਧ ਨਹੀਂ ਕੀਤਾ। ਹਮਲਾ ਆਵਰਾਂ ਦਾ ਹਜੂਮ ਗਿਆਰਾਂ ਬਾਰਾਂ ਸੌ ਤੋਂ ਕਿਸੇ ਤਰ੍ਹਾਂ ਘਟ ਨਹੀਂ ਸੀ। ਇਸ ਆਬਾਦੀ ਵਿਚ ਮੈਂ ਇਕੱਲਾ ਹੀ ਸਿੱਖ ਸਾਂ। ਕਈ ਵਾਰੀ ਇਕੱਲਾ ਹੀ ਨਿਕਲ ਕੇ ਲੜਿਆ ਤੇ ਅੰਤ ਵਿਚ ਮੈਂ ੮/੯ ਹਿੰਦੂ ਮੁੰਡਿਆਂ ਨੂੰ ਪਗਾਂ ਬਨ੍ਹਾਂ ਕੇ ਠਾਠੇ ਬੰਨ੍ਹਵਾ ਦਿਤੇ ਜੋ ਕਿ ਪੰਜਾਬੀ ਸਿੱਖ ਮਾਲੂਮ ਹੋਣ ਲਗ ਪਏ। ਮੈਂ ਇਕਲਾ ਅਗੇ ਵਧ ਕੇ ਦੁਹਾਂ ਹਥਾਂ ਵਿਚ ਖੋਖਰੀਆਂ ਫੜ ਕੇ ਲੜਿਆ। ਇਸ ਦੌਰਾਨ ਵਿਚ ਦੋ ਪੋਲੀਸ ਵਾਲੇ ਮਿਲ ਪਏ , ਮੈਂ ਅਗੇ ਹੋਕੇ ਸਾਰੇ ਹਿੰਦੂ ਹਜੂਮ ਨੂੰ ਨਾਲ ਲੈ ਲਿਆ। ਤੇ ਬਨਾਵਟੀ ਸਿੱਖ ਮੁੰਡੇ ਅਗੇ ਲਾ ਲਏਤੇ ਸਹੀਂ ਸਲਾਮਤ ਦੋ ਕੁ ਸੌ ਹਿੰਦੂਆਂ ਨੂੰ ਬਾਲ ਬਚਿਆਂ ਸਮੇਤ ਖੁਥੋਂ ਕਢ ਕੇ ਗੁਰਦਵਾਰਾ ਬੜੀ ਸੰਗਤ ਵਿਖੇ ਪਹੁੰਚਾ ਦਿਤਾ।

ਇਸ ਤੋਂ ਬਿਨਾਂ ਅਜਿਹੀ ਵੀਰਤਾ ਦੇਕਾਰਨਾਮੇ ਬਹੁਤ ਬਨ।।

****
****

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਕਿਤਨੇ ਚਿਰ ਤੋਂ ਹੀ ਜ਼ਿਲਾ ਹਜ਼ਾਰਾ ਵਿਚ ਥਾਂ ਥਾਂ ਤੇ ਮੁਸਲਿਮ ਲੀਗ ਵਲੋਂ ਫਿਰਕਾਦਾਰਾਨਾਂ ਜਜ਼ਬਾਤ ਨੂੰ ਭੜਕਾਣ ਵਾਲਾ ਪ੍ਰਚਾਰ ਜਲਸਿਆਂ ਰਾਹੀਂ ਹੋ ਰਿਹਾ ਹੈ॥ ਬੰਗਾਲ ਅਤੇ ਬਹਾਰ ਦੇ ਸਾਕੇ ਦੇ ਬਾਹਦ ਮੁਸਲਿਮ ਸਟੂਡੈਂਟ ਫੈਡਰੇਸ਼ਨ ਦੇ ਕੁਝ ਆਦਮੀ ਸਣੇ ਲੀਗ ਦੇ ਲੀਡਰਾਂ ਦੇ ਜ਼ਿਲਾ ਹਜ਼ਾਰਾ ਵਿਖੇ ਪੁਜੇ। ਅਤੇ ਉਨ੍ਹਾਂ ਨੇ ਕਈ ਥਾਵਾਂ ਤੇ ਜਿਸ ਵਿਚ ਉਘੀ, ਬਫਾ, ਆਦਿਕ ਸ਼ਾਮਲ ਹਨ, ਲੈਕਚਰ ਦੇਕੇ ਬਿਹਾਰ ਦੇ ਸਚੇ ਝੂਠੇ ਵਾਕਿਆਤ ਦਸਕੇ ਮੁਸਲਮਾਨਾਂ ਨੂੰ ਭੜਕਾਇਆ ਕਿ ਬਿਹਾਰ ਦਾ ਬਦਲਾ ਲੀਤਾ ਜਾਵੇ॥

ਬਟਲ ਦੇ ਮੁਸਲਮਾਨਾਂ ਨੇ ਇਲਾਕਾ ਵੇਰ ਦੇ ਲੋਕਾਂ ਨਾਲ ਸਾਜ਼ ਬਾਜ਼ ਕਰਕੇ ਉਚਨਾਂ ਨੂੰ ਹਮਲਾ ਕਰਨ ਲਈ ਸਦਿਆ॥ ਉਹ ਤਕਰੀਬਣ ਚਾਰ ਹਜ਼ਾਰ ਦੀ ਗਿਣਤੀ ਵਿਚ ਬਟਲ ਤੇ ਮਿਤੀ ੭-੧੨-੪੬ ਨੂੰ ਆ ਪਏ, ਅਤੇ ਤਕਰੀਬਨ ੩੦ ਦੁਕਾਨਾਂ ਤੇ ੨੦ ਮਰ ਹਿੰਦੂਆਂ ਸਿੱਖਾਂ ਦੇ ਸਾੜ੍ਹੇ ਗਏ। ੧੧ ਗੈਰ ਮੁਸਲਿਮ ਮਰਦ ਔਰਤਾਂ ਨੂੰ ਕਤਲ ਕਰ ਦਿਤਾ ਗਿਆ। ਤੇ ੧੧ ਨੂੰ ਜ਼ਖਮੀ ਕਰ ਦਿਤਾ ਗਿਆ ਹੈ॥ ਬਰ ਲੁਟ ਪੁਟ ਕੇ ਵਾਪਸ ਚਲੇ ਗਏ ਤੇ ਪੋਲੀਸ ਦੇ ੧੦੦ ਆਦਮੀ ਰਾਇਫਲਾਂ ਵਾਲੇ ਤਮਾਸ਼ਾ ਦੇਖਦੇ ਰਹੇ॥

ਯਾਦ ਰਹੇ ਕਿ ਇਥੇ ਦੇ ਲੋਕ ਦੋ ਤਿੰਨ ਮਹੀਨੇ ਪਹਿਲਾਂ ਤੋਂ ਅਫਸਰਾਂ ਪਾਸ ਰਿਪੋਰਟਾਂ ਕਰਦੇ ਰਹੇ ਕਿ ਉਨ੍ਹਾਂ ਨੂੰ ਮਾਲ ਜਾਨ ਦਾ ਖਤਰਾ ਹੈ। ਇਥੋਂ ਤਕ ਕਿ ਉਹ ਬਟਲ ਤੋਂ ਉਜੜ ਕੇ ਭੀ ਆ ਗਏ ਸਨ, ਮੁੜ ਡੀ:ਸੀ: ਦੇ ਯਕੀਨ ਦਿਵਾਣ ਪੁਰ ਕਿ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਕੀਤੀ ਜਾਵੇਗੀ, ਉਹ ਵਾਪਸ ਬਟਲ ਚਲੇ ਗਏ॥ ਪਰ ਦੋ ਚਾਰ ਦਿਨਾਂ ਬਾਦ ਹੀ ਉਨ੍ਹਾਂ ਨਾਲ ਉਪਰ ਲਿਖੀ ਵਾਰਤਾ ਹੋ ਗਈ॥

ਦੂਜੇ ਦਿਨ ੮ ਦਸੰਬਰ ਨੂੰ ਉਘੀ, ਤੇ ਹਮਲਾ ਕੀਤਾ ਗਿਆ॥ ਬਾਜ਼ਾਰ ਸਾੜ੍ਹ ਦਿਤਾ ਗਿਆ॥ ਮਾਲ ਲੁਟ ਲੀਤਾ ਗਿਆ। ਤੇ ਪੰਜ ਹਿੰਦੂ ਸਿੱਖਾਂ ਨੂੰ ਕਤਲ ਕਰ ਦਿਤਾ ਗਿਆ॥ ਦੋ ਤਿੰਨਾਂ ਦਿਨਾਂ ਬਾਦ ਬੋੜੀ ਤੇ ਆਏ ਹੋਏ ੪੧ ਮਰਦ ਇਸਤ੍ਰੀਆਂ ਡਾਡਰ ਤੋ ਲਾਰੀ ਤੇ ਸਵਾਰ ਹੋਕੇ ਹਵੇਲੀਆਂ ਵਲ ਰਵਾਨਾ ਹੋਏ, ਤਕਰੀਬਨ ਚਾਰ ਮੀਲ ਦੇ ਫਾਸਲੇ ਤੇ ਸੁਮ ਬਲਾਰੀ ਮੁੰਗ ਦੇ ਗਰਾਂ ਕੋਲ ਉਨ੍ਹਾਂ ਦੀ ਲਾਰੀ ਲੁਟ ਗਈ॥ ਦੇ ਇਸ ਪਿੰਡ ਦੇ ਆਦਮੀਆਂ ਨੇ ਜਿਹੜੇ ਹਥਿਆਰਾਂ ਨਾਲ ਸਨਧ ਬਧ ਸ਼ਨ ਹਮਲਾ ਕਰ ਦਿਤਾ। ੧੪ ਨੂੰ ਥਾਂ ਤੇ ਮਾਰ ਦਿਤਾ ਅਤੇ ਬਾਕੀ ੨੭ ਨੂੰ ਜ਼ਖਮੀ ਕਰ ਦਿਤਾ ਗਿਆ। ਬਾਕੀ ਜ਼ਖਮੀ ਕਤਲ ਹੋਣ ਤੋਂ ਕੇਵਲ ਇਸ ਲਈ ਬਚ ਸਕੇ ਕਿ ਉਨ੍ਹਾਂ ਹਮਲਾਆਵਰਾਂ ਨੂੰ ਦੂਜੇ ਪਾਸੇ ਇਕ ਮੋਟਰ ਦੀ ਰੋਸ਼ਨੀ ਦਿਸੀ ਤੇ ਅਤੇ ਫੌਜ ਦੇ ਡਰ ਦੇ ਖਿਆਲ ਨਾਲ ਉਹ ਨਠ ਗਏ। ਇਸ ਤੋਂ ਬਾਦ ਥਾਂ ਥਾਂ ਤੇ ਲੋਕਾਂ ਨੇ ਅਪਣੀ ਜਾਣ ਬਚਾਣ ਦੇ ਖਿਆਲ ਨਾਲ ਨਠਣਾਂ ਸ਼ੁਰੂ ਕਰ ਦਿਤਾ॥

ਇਸ ਦੇ ਬਾਦ ਜੈਸਾ ਕਿ ਬਫਾ ਗੜ੍ਹੀ ਜੇਲ ਵਿਚ ਫਰਦਨ ਫਰਦਨ ਹਿੰਦੂ ਸਿੱਖ ਕਤਲ ਕੀਤੇ ਗਏ॥

੨੮ ਦਸੰਬਰ ਦੀ ਰਾਤ ਨੂੰ ਕੁਝਕੁ ਹਜ਼ਾਰ ਮੁਸਲਮਾਨ ਹਵੇਲੀਆਂ ਤੇ ਨਾਹਰੇ ਲਾਂਦੇ ਹੋਏ ਆ ਪਏ॥ ਵਕਤ ਤੇ ਖਬਰ ਹੋ ਜਾਣ ਕਾਰਨ ਲੋਕੀ ਤਿਆਰ ਹੋ ਗਏ। ਤੇ ਹਵਾ ਵਿਚ ਫਾਇਰ ਕਰਨ ਲਗੇ। ਇਨ੍ਹੇ ਵਿਚ ਮਿਲਟ੍ਰੀ ਪੁਜ ਗਈ ਜਿਸ ਕਰਕੇ ਉਹ ਹਜੂਮ ਖਿੰਡ ਪੁੰਡ ਗਿਆ॥

੨੯ ਦਸੰਬਰ ਨੂੰ ਦੋ ਸਿੰਘ, ਇਕ ਸਿੱਖ ਲੜਕੀ ਮੋਰੀ ਵਡ ਭੈਣ ਨੂੰ ਜਾਂਦੇ ਹੋਏ ਕਤਲ ਕਰ ਦਿਤੇ ਗਏ। ਸਿੰਘ ਇਨ੍ਹਾਂ ਦੀਆਂ ਲਾਸ਼ਾਂ ਮੌਕੇ ਤੋਂ ਚੁਕਣ ਨਹੀਂ ਸਨ ਦੇਂਦੇ। ਅਤੇ ਕਹਿੰਦੇ ਸਨ ਕਿ ਲੀਡਰਾਂ ਆਫੀਸਾਂ ਦੇ ਆਵਣ ਤੇ ਚੁਕਣ ਦੇਵਾਂਗੇ॥ ਅੰਤ ਨੂੰ ਇਹ ਲਾਸਾਂ ੨੯ ਦਸੰਬਰ ਐਬਟਾਬਾਦ ਪੁਜੀਆਂ ਅਤੇ ਸੰਸਕਾਰ ਕੀਤਾ ਗਿਆ॥ ਇਸ ਇਲਾਕੇ ਦੇ ਸਿੱਖ ਹਿੰਦੂਆਂ ਨੇ ਅਫਸਰਾਂ ਨੂੰ ਕਿਹਾ ਕਿ ਉਹਨਾਂ ਦਾ ਡਿਸਟ੍ਰਿਕਟ ਤੇ ਕੋਈ ਇਤਬਾਰ ਨਹੀਂ ਅਤੇ ਉਸ ਤੋਂ ਤਫਤੀਸ਼ ਨਹੀਂ ਕਰਾਣਗੇ॥ ਇਸ ਤੇ ਪੋਲੀਸ ਕਪਤਾਨ ਤਫਤੀਸ਼ ਕਰਨੀ ਆਪ ਪ੍ਰਵਾਨ ਕਰ ਲਈ॥ ਸਿੱਖ ਹਿੰਦੂਆਂ ਨੇ ਅਫਸਰਾਂ ਤੋਂ ਮੁਤਾਲਬਾ ਕੀਤਾ ਕਿ ਮਿਲਟ੍ਰੀ ਉਨ੍ਹਾਂ ਦੇ ਪਿੰਡ ਭੇਜੀ ਜਾਵੇ ਤੇ ਉਨ੍ਹਾਂ ਨੂੰ ਅਸਲਾ ਰਾਖੀ ਲਈ ਦਿਤਾ ਜਾਵੇ॥ ਪਰ ਇਹ ਦੋਵੇਂ ਗਲਾਂ ਨਾਂ ਮੰਨੀਆਂ ਗਈਆਂ। ਤੇ ਉਹ ਵਾਪਸ ~~[illegible]~~ ਘਰਾਂ ਨੂੰ ਮੁੜ ਗਏ।

੨੯-੧੨-੪੬ ਨੂੰ ਹਵੇਲੀਆਂ ਦਾ ਸਾਰਾ ਸਟੇਸ਼ਨ ਖਾਲੀ ਹੋ ਗਿਆ। ਤੇ ਉਥੋਂ ਦੇ ਹਿੰਦੂ ਸਿੱਖ ਕੋਈ ਰਾਵਲਪਿੰਡੀ, ਕੁਝ ਸ੍ਰੀ ਪੰਜਾ ਸਾਹਿਬ ਪੁਜ ਗਏ ਮਿਤੀ ੩੦-੧੨-੪੬ ਨੂੰ ਪੋਲੀਸ ਕਪਤਾਨ ਮੋਰੀ ਵਡੀ ਭੈਣ ਦੇ ਕਤਲਾਂ ਦੇ ਮੁਕਦਮੇ ਦੀ ਤਫਤੀਸ਼ ਕਰ ਕੇ ਵਾਪਸ ਹੋਏ ਤਾਂ ਉਸੀ ਰਾਤ ਨੂੰ ਮੁਸਲਮਾਨ ਨੇ ਇਕ ਜਲਸਾ ਕੀਤਾ ਤੇ ਇਹ ਅਫਵਾਹ ਫੈਲਾਣੀ ਸ਼ੁਰੂ ਕਰ ਦਿਤੀ ਕਿ ਪੰਜਾਬ ਤੋਂ ਸਿੱਖ ਹਮਲਾ ਕਰਨ ਆ ਰਹੇ ਹਨ॥ ਪਰ ਉਸ ਰਾਤ ਅਮਨ ਹੋ ਗਿਆ ਤੇ ਲੋਕ ਸੌਂ ਗਏ॥ ਦੂਜਾ ਦਿਨ ਖੈਰੀਅਤ ਨਾਲ ਗੁਜ਼ਰਿਆ ਤੇ ਉਸੀ ਦਿਨ ੩੧-੧੨-੪੬ ਨੂੰ ਸ਼ਾਮ ਦੇ ੮ ਵਜੇ ਇਰਦ ਗਿਰਦ ਦੇ ਤਿੰਨ ਚਾਰ ਗਰਾਂ ਦੇ ਮੁਸਲਮਾਨ ਇਕੱਠੇ ਹੋਕੇ ਆ ਗਏ। ਤੇ ਨਾਹਰੇ ਲਗਾਣੇ ਸ਼ੁਰੂ ਕਰ ਦਿਤੇ॥ ਤੇ ਸਿੱਖ ਹਿੰਦੂਆਂ ਨੇ ਇਸ ਤੋਂ ਪਹਿਲਾਂ ਇਹ ਮਸ਼ਵਰਾ ਕੀਤਾ ਕਿ ਜਦੋਂ ਖਤਰਾ ਅਨਭਵ ਹੋਵੇ ਤਾਂ ਅਲਾਰਮ ਦੇ ਤੌਰ ਤੇ ਗੋਲਾ ਚਲਾ ਦਿਤਾ ਜਾਵੇ॥ ਸੋ ਇਕ ਸਜਣ ਨੇ ਖਤਰਾ ਮਹਿਸੂਸ ਕਰ ਕੇ ਇਕ ਗੋਲਾ ਚਲਾ ਦਿਤਾ। ਇਸ ਤੋਂ ਸਾਰੇ ਸਜਣ ਇਕੱਠੇ ਹੋਕੇ ਦੋ ਪਿਕਣਾ ਵਿਚ ਇਕ ਗੁਰਦਵਾਰੇ ਤੇ ਦੂਜੇ ਸਰਦਾਰ ਚੰਦਾ ~~[illegible]~~ ਸਿੰਘ ਦੇ ਘਰ ਤੇ ਲਗਾ ਲਈਆਂ। ਇਤਨੀ ਦੇਰ ਵਿਚ ਦੀਵਾਲ,ਮਨਾਲ, ਸਜਕੋਟ, ਕਲਾਡਾ, ਗੜ੍ਹੀ, ਫੁਲ ਗਰਾਂ, ਚਮਨਕਾ, ਕਿਆਲਾ, ਆਦਿਕ ਦੇ ਮੁਸਲਮਾਨ ਮੋਰੀ ਦੇ ਇਰਦ ਗਿਰਦ ਚਾਰੇ ਪਾਸਿਆਂ ਤੋਂ ਹੋਕੇ ਨਾਹਰੇ ਲਗਾਣ ਲਗ ਪਏ। ਤੇ ਸਵੇਰੇ ੩ ਵਜੇ ਤਕ ਇਹ ਡੰਡ ਪਾਂਦੇ ਰਹੇ ਕਿ ਬਾਹਰੋਂ ਸਿੱਖ ਆਏ ਹੋਏ ਹਨ। ਇਸ ਲਈ ਮੋਰੀ ਨੂੰ ਸਾੜ੍ਹ ਦਿਉ ਤੇ ਲੁਟ ਲਵੋ॥ ਤਿੰਨ ਵਜੇ ਤੋਂ ਬਾਦ ਮੁਸਲਮਾਨ ਵਾਪਸ ਚਲੇ ਗਏ॥ ਤੇ ਪਿੰਡ ਦੇ ਲੋਕ ਸੌਂ ਗਏ॥

ਪਿੰਡ ਦੇ ਲੋਕ ਸਵੇਰੇ ਚਾਹ ਆਦਿ ਪੀਕੇ ਪੰਜ ਸਜਣ ਦੀਵਾਲ ਵਾਲੇ ਮੁਸਲਮਾਨਾਂ ਪਾਸ ਗਏ। ਤੇ ਉਨ੍ਹਾਂ ਨੂੰ ਆਖਿਆ ਕਿ ਰਾਤ ਨੂੰ ਮੋਰੀ ਉਪਰ ਚੜ੍ਹ ਕੇ ਆਵਣ ਦੀਕੀ ਲੋੜ ਸੀ? ਉਨ੍ਹਾਂ ਨੇ ਉਤਰ ਦਿਤਾ ਕਿ ਸਾਨੂੰ ਡਰ ਸੀ ਕਿ ਤੁਸਾਂ ਸਿੱਖ ਬਾਹਰੋਂ ਮੰਗਾਏ ਹਨ।। ਹੁਣ ਤੁਸੀ ਫਿਕਰ ਨ ਕਰੋ, ਅਸੀਂ ਤੁਹਾਨੂੰ ਕੁਛ ਨਹੀਂ ਕਹਾਂਗੇ। ਸਿੱਖਾਂ ਨੇ ਉਤਰ ਦਿਤਾ ਕਿ ਅਸੀਂ ਸਿੱਖ ਕੋਈ ਹਵਾਈ ਜਹਾਜ਼ਾਂ ਤੇ ਮੰਗਾਏ ਹਨ, ਇਹ ਤੁਸਾਂ ਵਹਿਮ ਨ ਕਰੋ। ਇਤਨੇ ਵਿਚ ਬਾਰਡਰ ਦੇ ੩੦ ਮੁਸਲਮਾਨ ਸਿਪਾਹੀ ਪੁਜ ਗਏ ਤੇ ਸਾਡੇ ਨਾਲ ਮੋਰੀ ਗਏ। ਸਿੱਖਾਂ ਤੇ ਪੋਲੀਸ ਦੇ ਸਿਪਾਹੀਆਂ ਦੇ ਮੋਹਰੀ ਪੁਜਣ ਤੇ ਪਿੰਡ ਦੇ ਚਾਰੋਂ ਪਾਸੇ ਅਲਾ ਹੂ ਅਕਬਰ ਦੇ ਨਾਹਰੇ ਦੀ ਗੂੰਜ ਉਠੀ।। ਸ਼ਹਿਰ ਵਾਲਿਆਂ ਨੇ ਨਾਹਰੇ ਸੁਣਕੇ ਬਾਲ ਬਚੇ ਗੁਰਦਵਾਰਿਆਂ ਵਿਚ ਭੇਜ ਦਿਤੇ। ਪੋਲੀਸ ਦੇ ਸਿਪਾਹੀਆਂ ਨੂੰ ਪ੍ਰਾਇਮਰੀ ਸਕੂਲ ਵਿਚ ਭੇਜ ਦਿਤਾ। ਜਦੋਂ ਸਾਨੂੰ ਯਕੀਨ ਹੋ ਗਿਆ ਕਿ ਮੁਸਲਮਾਨ ਸਾਡੇ ਤੇ ਹਮਲਾ ਕਰਨਗੇ ਤਾਂ ਸਿੱਖਾਂ ਨੇ ਪੋਲੀਸ ਦੇ ਸਿਪਾਹੀਆਂ ਨੂੰ ਕਿਹਾ ਕਿ ਤੁਸੀ ਗੁਰਦਵਾਰੇ ਦੇ ਮੋਰਚੇ ਵਿਚ ਚਲਕੇ ਸਾਢੀ ਹਿਫਾਜ਼ਤ ਕਰੋ , ਪਰ ਸਿਪਾਹੀ ਬਜਾਏ ਗੁਰਦਵਾਰੇ ਦੀ ਹਿਫਾਜ਼ਤ ਕਰਨ ਦੇ ਪਹਾੜੀਆਂ ਵਲ ਨਸ ਗਏ।। ਤੇ ਉਨ੍ਹਾਂ ਨੇ ਉਥੋਂ ਪਿੰਡ ਤੇ ਫਾਇਰ ਕਰਨੇ ਸੁਰੂ ਕਰ ਦਿਤੇ।। ਕੁਛ ਫਾਇਰ ਉਨ੍ਹਾਂ ਨੇ ਗੁਰਦਵਾਰੇ ਤੇ ਭੀ ਕੀਤੇ, ਇਤਨੇ ਵਿਚ ਮੁਲਮਾਨਾਂ ਨੇ ਪਿੰਡ ਨੂੰ ਲੁਟਣਾ ਸੁਰੂ ਕਰ ਦਿਤਾ। ਤੇ ਅਗ ਲਗਾ ਦਿਤੀ। ਤੇ ਫਾਇਰ ਜਾਰੀ ਰਖੇ। ਸਿੱਖਾਂ ਨੇ ਭੀ ਜਵਾਬੀ ਫਾਇਰ ਕੀਤੇ ਪਰ ਥੋੜੀ ਦੇਰ ਬਾਦ ਜਦ ਮੁਸਲਮਾਨ ਨੂੰ ਭਰੋਸਾ ਹੋ ਗਿਆ ਕਿ ਸਿੱਖ ਜਾਂ ਤਾਂ ਸੜ ਗਏ ਹਨ ਤੇ ਜਾਂ ਸੜ ਜਾਣ ਗੇ ਲੁਟ ਦਾ ਮਾਲ ਲੈ ਕੇ ਨਸਣਾ ਸੁਰੂ ਕਰ ਦਿਤਾ। ਸਿੱਖ ਮੁਸਲਮਾਨਾਂ ਨੂੰ ਨਸਦਾ ਤਕ ਕੇ ਗੁਰਦਵਾਰੇ ਵਿਚੋਂ ਬਾਹਰ ਨਿਕਲੇ ਤੇ ਛਪ ਕੇ ਨਾਲ ਦੀ ਰਖ ਵਿਚ ਵੜ ਗਏ। ਇਸ ਵਕਤ ਸੂਰਜ ਛੁਪ ਗਿਆ ਸੀ। ਰਾਤ ਦੇ ਦਸ ਵਜੇ ਉਥੋਂ ਸਾਰੇ ਚਲ ਪਏ। ਥੋੜੀ ਦੂਰ ਚਲਣ ਤੋਂ ਬਾਦ ਹਿੰਦੂ ਸਿੱਖ ਫੇਰ ਰੁਕ ਗਏ। ਤੇ ਉਨ੍ਹਾਂ ਖਿਆਲ ਕੀਤਾ ਕਿ ਇਰਦ ਗਿਰਦ ਦੇ ਲੋਕ ਸੌਂ ਜਾਂਣ ਤਾਂ ਚਲਾਂਗੇ। ਫਿਰ ੧੨ ਵਜੇ ਰਾਤ ਦੇ ਚਲਕੇ ਉਥੋਂ ਪਿਪਲ ਪਿੰਡ ਪੁਜ ਕੇ ਆਰਾਮ ਕੀਤਾ। ਤੇ ੮ ਵਜੇ ਸਵੇਰੇ ਹਵੇਲੀਆਂ ਪੁਜ ਗੇਇ। ਇਕ ਦਿਨ ਹਵੇਲੀਆਂ ਠਹਿਰਣ ਤੋਂ ਬਾਦ ਹਿੰਦੂ ਸਿੱਖ ਕੇਰੀਬਣ ੧੨੫ ਆਦਮੀ ਸ੍ਰੀ ਪੰਜਾ ਸਾਹਿਬ ਪੁਜੇ। ਜਿਸ ਵਕਤ ਸ੍ਰੀ ਪੰਜਾ ਸਾਹਿਬ ਪੁਜੇ ਉਸ ਵਕਤ ਇਨ੍ਹਾਂ ਦੀ ਹਾਲਤ ਦੇਖਣਯੋਗ ਸੀ। ਕਿਸੇ ਦੇ ਪੈਰੀਂ ਜੁਤੀ ਨਹੀਂ ਸੀ। ਕਿਸੀ ਦੇ ਤੰਨ ਤੇ ਕਪੜਾ ਨਹੀਂ ਸੀ। ਨਾਂ ਹੀ ਉਨ੍ਹਾਂ ਕੋਲ ਕੋਈ ਪੈਸਾ ਹੀ ਸੀ। ਤੇ ਨਾ ਹੀ ਸਾਮਾਨ ਤੇ ਨਾਂ ਹੀ ਕੋਈ ਗਰਮ ਕਪੜਾ। ਇਸ ਵਕਤ ਉਹ ਸਾਰੇ ਸਜਣ ਸ੍ਰੀ ਪੰਜਾ ਸਾਹਬ ਬੈਠੇ ਹੋਏ ਹਨ। ਤਿੰਨ ਹਿੰਦੂ ਤੇ ਇਕ ਸਿੱਖ ਮਰ ਗਏ ਹਨ।

ਇਨ੍ਹਾਂ ਦਾ ਸਾਰਾ ਸਾਮਾਨ ਲੁਟਿਆ ਗਿਆ, ਮਕਾਨ ਸਾੜ੍ਹੇ ਗਏ ਹਨ ਤੇ ਜ਼ਮੀਨਾ ਛਡਕੇ ਇਥੇ ਆ ਗਏ ਹਨ।।

ਮਿਤੀ ੩੦-੧੨-੪੬ ਨੂੰ ਕਾਲਾ ਸਿੰਘ ਸਪੁਤ੍ਰ ਸ੍ਰ: ਸ਼ੇਰ ਸਿੰਘ ਮੁਲਾਜ਼ਮ ਰੇਲਵੇ ਛੁਟੀ ਤੇ ਅਪਣੇ ਪਿੰਡ ਅਖਰੂਟੇ ਆ ਰਿਹਾ ਸੀ। ਉਸ ਨੂੰ ਰਸਤੇ ਵਿਚ ਪਤਾ ਲਗਾ ਕਿ ਅਸਾਡੇ ਇਲਾਕੇ ਵਿਚ ੨ ਮਰਦ ਤੇ ਇਕ ਔਰਤ ਕਤਲ ਕਰ ਦਿਤੀ ਗਈ ਹੈ ਤੇ ਫਿਰਕਾਦਾਰਾਨਾ ਹਾਲਾਤ ਬਹੁਤ ਖਰਾਬ ਹਨ। ਅਖਰੂਟਾ ਆਵਣ ਤੋਂ ਪਹਿਲਾਂ ਰਸਤੇ ਵਿਚ ਦੀਵਾਨ ਪਿੰਡ ਵਿਚ ਕਾਲਾ ਸਿੰਘ ਨੇ ਜਾ ਕੇ ਕਪਤਾਨ ਸਾਹਿਬ ਪਾਸ ਅਰਜ਼ ਕੀਤੀ ਕਿ (ਕਪਤਾਨ ਸਾਹਿਬ ਸਣੇ ਪੋਲੀਸ ਤਫਤੀਸ਼ ਤੇ ਆਏ ਹੋਏ ਸਨ)

> ਮੈਂ ਛੁਟੀ ਤੇ ਘਰ ਜਾ ਰਿਹਾ ਤੇ ਬਾਲ ਬਚੇ ਨੂੰ ਨਾਲ ਲੈ ਜਾਣਾ ਹੈ। ਸਖਤ ਖਤਰਾ ਹੈ ਇਸ ਲਈ ਮੇਰੀ ਮਦਦ ਕੀਤੀ ਜਾਵੇ ਕਿ ਮੈਂ ਤਾ ਕਿ ਮੈਂ ਅਪਣਾ ਬਾਲ ਬਚਾ ਸਹੀ ਸਲਾਮਤ ਨਾਲ ਲੈ ਜਾਵਾਂ। ਕਪਤਾਨ ਸਾਹਿਬ ਨੇ ਕ੍ਰਿਪਾਲ ਸਿੰਘ ਥਾਨੇਦਾਰ ਨੂੰ ਹੁਕਮ ਦਿਤਾ ਕਿ ਤੁਸੀ ਇਕ ਗਾਰਦ ਪੋਲੀਸ ਲੈ ਕਰਕੇ ਅਖਰੂਟੇ ਤੇ ਮਲਾਛ ਜਾਵੋ ਤੇ ਜਿਹੜੇ ਸਿੰਘ ਮਲਾਛ ਦੇ ਇਥੇ ਆਏ ਹੋਏ ਹਨ, ਉਹਨਾਂ ਨੂੰ ਪਚਾ ਆਉ ਤੇ ਕਾਲਾ ਸਿੰਘ ਦਾ ਟੱਬਰ ਹਫਾਜ਼ਤ ਨਾਲ ਲੈ ਆਓ। ਕ੍ਰਿਪਾਲ ਸਿੰਘ ਥਾਨੇਦਾਰ ਸਣੇ ੧੨ ਸਿਪਾਹੀਆਂ ਦੇ ਕਾਲਾ ਸਿੰਘ ਨਾਲ ਲੈ ਕੇ ਮਲਾਛ ਚਲੇ ਗਏ। ਤੇ ੪ ਸਿਪਾਹੀ ਅਖਰੂਟੇ ਵਿਚ ਕਾਲਾ ਸਿੰਘ ਪਾਸ ਛਡ ਗਏ। ਤੇ ਹੁਕਮ ਕਰ ਗਏ ਕਿ ਮੈਂ ੮ ਸਿਪਾਹੀਆਂ ਨਾਲ ਮਲਾਛ ਤੋਂ ਵਾਪਸ ਆਂਦਾ ਹਾਂ ਤੇ ਫਿਰ ਤੁਹਾਨੂੰ ਨਾਲ ਲੈ ਕਰਕੇ ਵਾਪਸ ਜਾਂਦਾ ਹਾਂ।।

ਮਿਤੀ ੧-੧-੪੭ ਨੂੰ ਮੋਰੀ ਨੂੰ ਅਗ ਲਗੀ ਤੇ ਲੁਟ ਹੋਈ। ਅਖਰੂਟੇ ਤੋਂ ਅਗ ਲਗੀ ਨਜ਼ਰ ਆਵੰਦੀ ਸੀ। ਅਸੀਂ ਪਿੰਡਾਂ ਵਾਲੇ ਸਖਤ ਘਬਰਾਏ। ਉਨ੍ਹਾਂ ਸਿਪਾਹੀਆਂ ਨੇ ੨-੧-੪੭ ਦੀ ਸਵੇਰ ਨੂੰ ਕਾਲਾ ਸਿੰਘ, ਭਗਤ ਸਿੰਘ, ਹਰਨਾਮ ਸਿੰਘ ਨੂੰ ਮਲਾਛ ਭੇਜਿਆ ਕਿ ਜਾਕੇ ਥਾਨੇਦਾਰ ਸਾਹਿਬ ਨੂੰ ਖਬਰ ਕਰੋ। ਕਿ ਇਥੇ ਸਖਤ ਖਤਰਾ ਹੈ। ਤੁਸੀ ਸਣੇ ਪੋਲੀਸ ਦੇ ਵਾਪਸ ਆ ਜਾਵੋ। ਤਕਰੀਬਣ ੧੧ ਬਜੇ ਦਿਨ ਦੇ ਹਾੜੀ, ਘੇਤ੍ਰ, ਖਿਨ, ਮਕੋਲ ਪਾਈ, ਮਕੋਲ ਬਾਲਾ ਨਗਰੀ ਭਾਈ, ਤਤਰੀਲਾ, ਨਗਰੀ ਬਾਲਾ, ਬਾਸ ਆਦਿ ਦੇ ਲੋਕਾਂ ਨੇ ਅਖਰੂਟੇ ਤੇ ਹਮਲਾ ਕਰ ਦਿਤਾ। ਪਿੰਡ ਦੇ ਸਾਰੇ ਹਿੰਦੂ ਸਿੱਖ ਚਾਰ ਸਿਪਾਹੀਆਂ ਸਮੇਤ ਤੇਜਾ ਸਿੰਘ ਦੇ ਘਰ ਵਿਚ ਜਮਾਂ ਹੋ ਗਏ।। ਤੇ ਸਾਰੀਆਂ ਜ਼ਨਾਨੀਆਂ ਤੇ ਬਾਲ ਬਚੇ ਰਾਮ ਸਿੰਘ ਦੇ ਘਰ ਇਕੱਠੇ ਕਰ ਦਿਤੇ। ਮੁਸਲਮਾਨਾਂ ਨੇ ਲੁਟਣਾ ਸ਼ੁਰੂ ਕਰ ਦਿਤਾ। ਤੇ ਬਾਹਦ ਵਿਚ ਅਗ ਲਗਾ ਦਿਤੀ। ਅਤੇ ਬੰਦੂਕਾਂ ਦੇ ਫਾਇਰ ਭੀ ਕੀਤੇ। ਰਾਤ ਦੇ ੯ ਵਜੇ ਤਕ ਮੁਕਾਬਲਾ ਜਾਰੀ ਰਿਹਾ। ਰੂਪ ਸਿੰਘ ਵਲਦ ਸਰਦਾਰ ਕਿਸ਼ਨ ਸਿੰਘ ਗੁਲਾਬ ਸਿੰਘ ਵਲਦ ਰਤਨ ਸਿੰਘ, ਤੇਜਾ ਸਿੰਘ ਦੇ ਸੇਹਣ ਵਿਚ ਸ਼ਹੀਦ ਹੋ ਗਏ।। ਬਰਫ ਵਸਣੀ ਸ਼ੁਰੂ ਹੋ ਗਈ ਤੇ ਠੰਢੀ ਹਵਾ ਚਲ ਪਈ। ਤੇ ਮੁਸਲਮਾਨ ਲੁਟ ਦਾ

ਮਾਲ ਲੈ ਘਰਾਂ ਨੂੰ ਚਲ ਪਏ। ਅਤੇ ਉਚੀ ਆਵਾਜ਼ ਨਾਲ ਸਾਰਿਆਂ ਮੁਸਲਮਾਨਾਂ ਨੂੰ ਹਿਦਾਇਤ ਕੀਤੀ ਕਿ ਸਵੇਰੇ ਇਸ ਮਕਾਨ ਤੇ ਹਮਲਾ ਕੀਤਾ ਜਾਵੇਗਾ। ਤੇ ਸਿੱਖਾਂ ਨੂੰ ਕਤਲ ਕੀਤਾ ਜਾਵੇਗਾ। ਸੋ ਜਿਹੜਾ ਨਾਂ ਆਵੇਗਾ, ਉਹ ਮੁਸਲਮਾਨ ਨਹੀਂ ਹੋਵੇਗਾ। ਉਹਨਾਂ ਦੇ ਚਲੇ ਜਾਣ ਤੋਂ ਬਾਹਦ ਹਿੰਦੂ ਸਿੱਖਾਂ ਨੇ ਸਲਾਹ ਕੀਤੀ ਕਿ ਇਥੋਂ ਰਾਤ ੨ ਨਠ ਜਾਣਾ ਚਾਹੀਦਾ ਹੈ। ਬਰਫ ਵਸਦੀ ਵਿਚ ਪਿੰਡ ਦੇ ਸਾਰੇ ਹਿੰਦੂ ਸਿੱਖ ਤੁਰ ਪਏ ਤੇ ਭਾਈ ਚੰਦਾ ਸਿੰਘ ਤੇ ਭਾਈ ਉਤਮ ਸਿੰਘ ਜੋ ਬਹੁਤ ਬਿਰਦ ਸਨ, ਉਥੇ ਰਹਿ ਗਏ। ਕਿਉਂਕਿ ਉਹ ਚਲ ਨਹੀਂ ਸਨ ਸਕਦੇ। ਦੂਜੇ ਦਿਨ ਇਕ ਲੜਕਾ ਜਸਵੰਤ ਸਿੰਘ ਸਪੁਤ੍ਰ ਸਰਦਾਰ ਸੇਵਾ ਸਿੰਘ ਜੋ ਉਥੇ ਛੁਪ ਗਿਆ ਸੀ ਆਇਆ ਤੇ ਉਸਦੀ ਜ਼ੁਬਾਨੀ ਮਾਲੂਮ ਹੋਇਆ ਕਿ ਭਾਈ ਚੰਦਾ ਸਿੰਘ ਤੇ ਉਤਮ ਸਿੰਘ ਨੂੰ ਭੀ ਦੂਜੇ ਦਿਨ ਮੁਸਲਮਾਨਾਂ ਨੇ ਗੋਲੀ ਮਾਰਕੇ ਸ਼ਹੀਦ ਕਰ ਦਿਤਾ ਹੈ। ਅਤੇ ਬਾਸੀ ਸੁਪੁਤ੍ਰੀ ਸੋਹਣਾ ਸਿੰਘ ਜੋ ਰਸਤੇ ਵਿਚ ਟੁਰਨ ਨਾ ਕਾਰਨ ਵਾਪਸ ਚਲੀ ਗਈ ਸੀ, ਗੋਲੀ ਨਾਲ ਸ਼ਹੀਦ ਕਰ ਦਿਤੀ ਗਈ ਹੈ॥ ਇਸ ਤੋਂ ਇਲਾਵਾ ਸੇਵਾ ਸਿੰਘ ਵਲਦ ਘੁੰਡਾ ਸਿੰਘ ਉਮਰ ੫੦ ਸਾਲ ਅੰਮ੍ਰਿਤ ਸਿੰਘ ਵਾਲਿਦ ਰਾਮ ਸਿੰਘ ਉਮਰ ੩੦ ਸਾਲ ਪਿੰਡ ਤੋਂ ਹੀ ਨਿਖੜ ਗਏ ਸਨ। ਪਤਾ ਨਹੀਂ ਕਿ ਸ਼ਹੀਦ ਕਰ ਦਿਤੇ ਗਏ ਹਨ, ਯਾਂ ਕਿਤੇ ਛੁਪੇ ਹੋਏ ਹਨ॥

ਰਸਤੇ ਵਿਚ ਗੁਪਾਲੀ ਬੇਵਾ ਬੂਟਾ ਸਿੰਘ ਪਹਾੜ ਤੋਂ ਗਿਰ ਕੇ ਮਰ ਗਈ। ਉਥੋਂ ਟੁਰ ਕੇ ਇਹ ਸਾਰਾ ਟੋਲਾ ਦੋ ਮੀਲ ਚੂਰਾ ਪਿੰਡ ਦੇ ਦੋ ਗੁਜਰ ਮੁਸਲਮਾਨ ਖਸਾਲਾ ਤੇਂ ਦਦੇਰ ਦੇ ਘਰ ਪੁਜੇ। ਤੇ ਇਕ ਘੰਟਾ ਪੰਨ੍ਹਾ ਲਈ। ਤੇ ਅਗ ਸੇਕੀ ਤੇ ਉਥੋਂ ਇਹ ਸਾਰੇ ਜਿਸ ਵਕਤ ਘੋੜੇ ਬਾਜ਼ਰਾਨ ਦੇ ਕੋਠੇ ਵਿਚ ਪੁਜੇਤਾਂ ਸਵੇਰ ਹੋ ਗਈ ਸੀ। ਤੇ ਪਿਛੋਂ ਪਿੰਡ ਕਸਾਲਾਂ ਕੁਟਲੀਆਂ, ਅਣ ਵਾਲਾ, ਨਲੋਣਾ, ਜਗੀਆ, ਕੁਹਾਲੀਆਂ ਦੇ ਲੋਕਾਂ ਨੇ ਹਮਲਾ ਕਰ ਦਿਤਾ ਤੇ ਕਰਤਾਰੋ ਬੇਵਾ ਉਤਮ ਸਿੰਘ , ਨਿਕੂ ਸਿੰਘ ਵਲਦ ਰੁਸ਼ਨਾਕ ਸਿੰਘ , ਅਤਰ ਕੌਰ ਦੁਖਤਰੀ ਹਰੀ ਸਿੰਘ ਨੂੰ ਮੌਕਿਆਂ ਤੇ ਕਤਲ ਕਰ ਦਿਤਾ॥ ਕਤਲ ਕਰਨ ਵਾਲਿਆਂ ਵਿਚੋਂ ਅਬਦੁਲਾ ਠ ਕਾਦਰ , ਅਲੀ ਅਕਬਰ, ਦਾਦੂ ਵਾ: ਅਲੀ ਹੁਸੈਨ, ਲਾਲ, ਗੁਲਾਬ ਵਾ: ਕਾਲਾ ਮੌਜ਼ਾ: ਅਮੀਰ ਐਹਮਦ, ਸ਼ਾਹ ਜਮਾਲ ਵਾ: ਮੀਰ ਐਹਮਦ ਨੂੰ ਸ਼ਨਾਖਤ ਕੀਤਾ ਗਿਆ॥

ਇਸ ਹਮਲੇ ਦੇ ਹੋਣ ਤੋਂ ਬਾਹਦ ਡਰ ਦੇ ਮਾਰੇ ਇਹ ਸਾਰਾ ਟੋਲਾ ਦੌੜ ਪਿਆ ਤੇ ਇਹਨਾਂ ਵਿਚੋਂ ਗੋਮਾਂ ਸੁਪਤਨੀ ਗਿਆਨ ਸਿੰਘ ਵਲਦ ਨਿਕੂ ਸਿੰਘ ਵਾ ਜਮਨਾ ਸੁਪਤਨੀ ਸੂਦਾਰ ਭਗਤ ਸਿੰਘ ਤੇ ਇੰਦਰ ਸਿੰਘ ਪੁਤ੍ਰ ਭਗਤ ਸਿੰਘ , ਗੁਪਾਲੀ ਮਾਤਾ ਸੇਵਾ ਸਿੰਘ, ਤੇ ਉਸ ਦੀਆਂ ਦੋ ਦੋ ਪੋਤਰੀਆਂ ਆਗਿਆ ਕੌਰ ਤੇ ਗਿਆਨ ਕੌਰ ਤੇ ਇਕ ਰੰਗੀਲ ਸਿੰਘ ਦੀ ਲੜਕੀ ਅਤੇ ਲੀਲਾ ਸੁਪੁਤ੍ਰੀ ਭਗਤ ਸਿੰਘ ਅਪਣੇ ਇਕ ਪੁਤ੍ਰ ਸਮੇਤ ਗੁੰਮ ਹਨ।

ਬਾਹਦ ਵਿਚ ਪਤਾ ਲਗਾ ਹੈ ਕਿ ਇਨ੍ਹਾਂ ਵਿਚੋਂ ਲੀਲੀ ਘੋੜੇ ਬਾਜ਼ੁਗਾਨ ਦੇ ਇੱਕ
ਸ਼ਰੀਫ ਮੁਸਲਮਾਨ ਨਵਾਬ ਖਾਨ ਨਾਮੀ ਦੇ ਘਰ ਜ਼ਖਮੀ ਪਈ ਹੈ। ਇਸ ਤੋਂ
ਬਾਹਦ ਰਸਤੇ ਵਿਚ ਤੰਗੀਲ ਸਿੰਘ ਦੀ ਦੂਜੀ ਲੜਕੀ [illegible]
[illegible] ਸਖ਼ਤ ਸਰਦੀ ਦੇ ਕਾਰਨ ਮਰ ਗਈ। ਇਹ ਟੋਲਾ ਘੋੜੇ ਬਾਜ਼ੁਗਾਨ।
ਦੀ ਹਦ ਵਿਚ ਦਾਖਲ ਹੋਇਆ।। ਹਮਲਾਆਵਰ ਇਨ੍ਹਾਂ ਦਾ ਪਿਛਾ ਕਰ
ਰਹੇ ਸਨ। ਉਸ ਰਕਬੇ ਵਿਚ ਗੋਕਲ ਸਿੰਘ ਪੁਤ੍ਰ ਉਤਮ ਸਿੰਘ ਜਿਸ ਦੇ
ਕੁਛੜ ਇਕ ਲੜਕਾ ਤੇ ਦੂਜੀ ਕਛ ਵਿਚ ਦੋਨਾਲੀ ਬੰਦੂਕ ਸੀ। ਮਗਰ ਕਾਰਤੂਸ
ਕੋਈ ਨਹੀਂ ਸੀ। ਉਸ ਤੇ ਜਗੀਆ, ਕੋਹਾਲੀਆ ਦੇ ਨੰਬਰਦਾਰਾਂ ਦੇ ਲੜਕੇ
ਅਬਦੁਲ ਰਹਿਮਾਨ ਪੁਤ੍ਰ ਦਿਤਾ ਖਾਨ ਨੇ ਕੁਹਾੜੀ ਨਾਲ ਹਮਲਾ ਕਰਕੇ ਜ਼ਖਮੀ
ਕਰ ਦਿਤਾ। ਤੇ ਬੰਦੂਕ ਖੋਹ ਲਈ। ਗੋਕਲ ਸਿੰਘ ਤਕਰੀਬਨ ਡੇਹੜ ਮੀਲ
ਲੜਕਾ ਚੁਕ ਕੇ ਪੈਦਲ ਚਲਦਾ ਆਇਆ ਤੇ ਔਲਾਂ ਵਿਚ ਆਕੇ ਚਲਣ ਤੋਂ
ਰਹਿ ਗਿਆ।। ਤੇ ਸਰਦਾਰ ਰਾਮ ਸਿੰਘ ਦੇ ਮਕਾਨ ਵਿਚ ਜ਼ਖਮੀ ਹਾਲਤ
ਵਿਚ ਠਹਿਰ ਗਿਆ।। ਦੂਜੇ ਦਿਨ ਹਵੇਲੀਆਂ ਤੋਂ ਗਾਰਦ ਆਈ। ਤੇ ਇਹ
ਪਤਾ ਲਗਣ ਤੇ ਕੇ ਮੇਰੇ ਸਾਰੇ ਸਾਥੀਆਂ ਨੂੰ ਰਜ਼ੋਈਆਂ ਵਿਚ ਸਾੜ੍ਹ ਦਿਤਾ
ਗਿਆ ਹੈ। ਹਾਰਟ ਫੇਹਲ ਹੋਕੇ ਮਰ ਗਿਆ। ਜਿਸ ਵਕਤ ਇਹ ਸਾਰਾ 5
ਟੋਲਾ ਘੋੜਾ ਬਾਜ਼ੁਗਾਨ ਪੁਜਾ ਤੇ ਯਕੂਬ ਖਾਨ ਨੰਬਰਦਾਰ ਦੀ ਡਿਊੜੀ ਤੋਂ
੨੦ ਕਦਮ ਦੀ ਵਿਥ ਤੇ ਸਮੁੰਦਰ ਵਲਦ ਮੁਲਾਲ ਨੇ ਕਾਲਾ ਸਿੰਘ ਤੋਂ ਬੰਦੂਕ
ਖਸ ਲੀਤੀ ਅਤੇ ਉਹਨਾਂ ਨੇ ਹੋਰ ਸਾਥੀਆਂ ਨੂੰ ਇਨ੍ਹਾਂ ਸਾਰਿਆਂ ਦੀ ਤਲਾਸ਼ੀ
ਕਰ ਕੇ ਜੋ ਕੁਛ ਪਾਸ ਸੀ ਸਾਰਾ ਖਸ ਲਿਆ। ਯਾਕੂਬ ਖਾਨ ਨੰਬਰਦਾਰ ਦੀ
ਹਿੰਮਤ ਨਾਲ ਉਥੇ ਜਾਨੀ ਨੁਕਸਾਨ ਤਾਂ ਨਾ ਹੋਇਆ ਪਰ ਮਾਲੀ ਮਾਲੀ
ਨੁਕਸਾਨ ਉਸ ਦੀ ਮਰਜ਼ੀ ਨਾਲ ਹੋਇਆ ਤੇ ਇਹ ਟੋਲਾ ਯਕੂਬ ਖਾਨ ਦੀ
ਡਿਉੜੀ ਵਿਚ ਚਲਾ ਗਿਆ। ਯਕੂਬ ਖਾਦ ਦੀ ਘਰਾਂ ਦੀਆਂ ਔਰਤਾਂ ਨੇ
ਇਨ੍ਹਾਂ ਨਾਲ ਦੀਆਂ ਜ਼ਨਾਨੀਆਂ ਤੋਂ ਜ਼ੇਵਰ, ਨਕਦੀ, ਕਪੜਾ, ਆਦਿ
ਜ਼ਬਰਦਸਤੀ ਖਸ ਲਏ ਤੇ ਹੀਰਾ ਸਿੰਘ ਪਾਸੋਂ ੨੦ ਕਾਰਤੂਸ ਬਸੈ ਗੰਨ ਤੇ
ਥੈਲਾ ਬੰਦੂਕ ਆਦਿ ਇਕ ਲਾਲ ਬਨਾਤ ਦਾ ਕੋਟ ਭੀ ਤੇ ਚਾਰ ਸੂਟ ਰੇਸ਼ਮੀ,
ਖਸ ਲੀਤੇ। ਸਾਂਝਾਂ ਸਾਂਮਾਂਬ ਡੇ ਛੁਪਿਆ ਲੈ ਲੈਣ ਤੋਂ ਬਾਹਦ ਯਕੂਬ ਖਾਨ ਤੇ
ਅਜ਼ੀਜ਼ ਖਾਨ ਇਕ ਟੋਲੇ ਨੂੰ ਰੋਜ਼ਿਆ ਗੁਰਦਵਾਰੇ ਵਿਚ ਪਹੁੰਚਾ ਗਏ। ਰਜੋਈਏ
ਗੁਰਦਵਾਰੇ ਵਿਚ ਦੀਵਾਨ ਸਿੰਘ, ਮੋਹਨ ਸਿੰਘ, ਅਮੀਰੰ ਸਿੰਘ ਨੇ ਰੋਟੀ ਦਾ
ਕੰਮ ਕੀਤਾ ਤੇ ਸਿੰਘਾਂ ਨੂੰ ਰੋਟੀ ਖਿਲਾਈ।। ਇਹ ੮ ਵਜੇ ਪ੍ਰਸ਼ਾਦਿ ਛਕ ਰਹੇ
ਰਹੇ ਸਨ ਕਿ ਗੁਰਦਵਾਰੇ ਦੇ ਇਰਦ ਗਿਰਦ ਦੇ ਮਕਾਨਾ ਨੂੰ ਮੁਸਲਮਾਨਾਂ ਨੇ
ਅਗ ਲਗਾ ਦਿਤੀ। ਇਥੇ ਹਿੰਦੂ ਸਿੱਖਾਂ ਨੂੰ ਸ਼ਕ ਹੋ ਗਿਆ ਕਿ ਸਾਨੂੰ ਇਥੇ
ਮਾਰ ਦਿਤਾ ਜਾਵੇਗਾ।।

ਸਰਦਾਰ ਦੀਵਾਨ ਸਿੰਘ ਰੋਜ਼ੀਐ ਵਾਲੇ ਨੇ ਸਿੱਖਾਂ ਨੂੰ ਹੌਸਲਾ ਦਿਤਾ
ਕਿ ਹਵੇਲੀਆਂ ਆਦਮੀ ਘਲਿਆ ਹੋਇਆ ਹੈ, ਆਸ ਹੈ ਕਿ ਛੇਤੀ ਮਦਦ ਪੁਜ
ਜਾਵੇਗੀ। ਸਿਪਾਹੀ ਜੋ ਚਾਰ ਸਿੰਘ ਨਾਲ ਸਨ, ਪੂਰੀ ਤਰ੍ਹਾਂ ਨਾਲ ਰੁਨਾਂ
ਦੇ ਬਚਾਉ ਦੀ ਮਦਦ ਕੀਤੀ। ੧੧ ਵਜੇ ਰਾਤ ਦੇ ਕਾਜ਼ੀ ਸਾਹਿਬ ਸਬ-

ਇਨਸਪੈਕਟ੍ਰ ਸਣੇ ਇਕ ਗਾਰਦ ਦੇ ਹਵੇਲੀਆਂ ਤੋਂ ਰੋੜੀਆਂ ਪੁਜੇ। ਇਸ ਗਾਰਦ ਨੇ ਸਾਰਿਆਂ ਨੂੰ ਸਾਰੀਆਂ ਵਿਚ ਬਿਠਾਲ ਕੇ ਹਵੇਲੀਆਂ ਪਹੁੰਚਾ ਦਿਤਾ॥

ਮੌਜ਼ਿਆ ਪਿਪਲ ਦੇ ਹਾਲਾਤ
****

੨੭-੧੨-੪੬ ਨੂੰ ਫੁਲਵਾੜੀ, ਮੁਸਾਬ, ਹਾਜੀਆ, ਮਚਨਕਾ, ਰੋਹੜ, ਦੀਵਾਲ, ਮਨਾਲ ਤੇ ਹੋਰ ਕਈ ਛੋਟੇ ੨ ਪਿੰਡਾਂ ਦੇ ਮੁਸਲਮਾਨਾਂ ਨੂੰ ਪਿੰਡ ਹਾਜ਼ੀਆ ਵਿਚ ਜਮਾਂ ਕੀਤਾ। ਮੁਸਾਹਬ ਪਿੰਡ ਦੇ ਯਕੂਬ ਤੇ ਰਹਿਮਤ ਉਲਾ ਨੰਬਰਦਾਰ ਜਲਸੇ ਦੇ ਲੀਡਰ ਸਨ। ਰੋਹੜ ਦਾ ਨੰਬਰਦਾਰ ਵਲੀ ਮੁਹੰਮਦ ਖਾਂਨ ਭੀ ਇਸ ਜਲਸੇ ਵਿਚ ਸ਼ਾਮਲ ਸੀ। ਇਥੇ ਮੁਸਲਮਾਨਾਂ ਨੇ ਫੈਸਲਾ ਕੀਤਾ ਕਿ ਇਲਾਕਾ ਪਹਾੜ ਦੇ ਸਿੱਖਾਂ ਹਿੰਦੂਆਂ ਨੂੰ ਲੁਟ ਲਿਆ ਜਾਵੇ ਤੇ ਮਕਾਨ ਸਾੜ੍ਹ ਦਿਤੇ ਜਾਣ। ਇਸ ਤਰ੍ਹਾਂ ਪਾਕਿਸਤਾਨ ਬਣ ਸਕਦਾ ਹੈ। ਇਸ ਤੋਂ ਇਲਾਵਾ ਲੋਕਾਂ ਨੂੰ ਜਮਾਂ ਕਰਨ ਲਈ ਆਮ ਲੋਕਾਂ ਨੂੰ ਇਕ ਅਫਵਾਹ ਫੈਲਾਣੀ ਸ਼ੁਰੂ ਕਰ ਦਿਤੀ ਕਿ ਮਾਝੇ ਮਾਲਵੇ ਦੇ ਸਿੱਖ ਤੁਹਾਡੇ ਤੇ ਆ ਕੇ ਹਮਲਾ ਕਰ ਦੇਣ ਗੇ। ਸੋ ਉਤਮ ਸਿੰਘ, ਹਰਨਾਮ ਸਿੰਘ, ਬੁਧ ਸਿੰਘ, ਧਿਆਨ ਸਿੰਘ ਇਹ ਚਾਰ ਆਦਮੀ ਰਾਤ ਦੇ ੧੧ ਵਜੇ ਹਾਜੀਆ ਪਿੰਡ ਤੇ ਗੁਜਰ ਕੇ ਮੋਹਰੀ ਕਣਕ ਲੈਣ ਲਈ ਜਾ ਰਹੇ ਸਨ। ਇਹ ਕਣਕ ਸਰਦਾਰ ਉਤਮ ਸਿੰਘ ਨੇ ਕੀਮਤਨ ਸਰਦਾਰ ਧਿਆਨ ਸਿੰਘ ਕੋਲੋਂ ਲੈਣੀ ਕੀਤੀ ਸੀ, ਹਾਜੀਆਂ ਪਿੰਡ ਵਿਚ ਮੁਸਾਹਿਬ ਦਾ ਯਕੂਬ ਇਨ੍ਹਾਂ ਨੂੰ ਮਿਲਿਆ, ਇਨ੍ਹਾਂ ਪਾਸੋਂ ਪੁਛਿਆ ਕਿ ਤੁਸੀਂ ਕਿਥੇ ਜਾ ਰਹੇ ਹੋ, ਇਨ੍ਹਾਂ ਉਤਰ ਦਿਤਾ ਕਿ ਅਸੀ ਮੋਹਰੀ ਜਾ ਰਹੇ ਹਾਂ। ਯਾਕੂਬ ਨੇ ਆਵਾਜ਼ਾਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਕੇ ਸਿੱਖ ਜਾ ਰਹੇ ਹਨ, ਇਨ੍ਹਾਂ ਨੂੰ ਮਾਰੋ, ਇਤਨਾਂ ਕਹਿਣਾਂ ਹੀ ਸੀ ਚਾਰੇ ਪਾਸਿਆਂ ਤੋਂ ਮੁਸਲਮਾਨ ਇਕੱਠੇ ਹੋਣੇ ਸ਼ੁਰੂ ਹੋ ਗਏ॥ ਮੁਸਲਮਾਨਾਂ ਦੇ ਇਕੱਠੇ ਹੋਣ ਤੇ ਇਹ ਚਾਰੇ ਸਿੰਘ ਵਾਪਸ ਪਿੰਡ ਪਿਪਲ ਨਸ ਗਏ, ਤਾਂ ਯਾਕੂਬ ਨੇ ਪਹਾੜ ਤੋਂ ਚੜਕੇ ਮਜਾਹਦ ਦੇ ਲੋਕਾਂ ਨੂੰ ਆਵਾਜ਼ਾਂ ਦੇਣੀਆਂ ਸ਼ੁਰੂ ਕਰ ਦਿਤੀਆਂ। ਕਿ ਨਠਕੇ ਆ ਰਹੇ ਹਨ ਅਤੇ ਕਿਹਾ ਕਿ ਤਾਕੇ ਇਹ ਨਸ ਨਾ ਜਾਂਣ। ਤਾਂ ਹਾਜੀਆ ਅਤੇ ਮਜਾਹਦ ਦੇ ਲਗ ਭਗ ਇਕ ਹਜ਼ਾਰ ਆਦਮੀ ਸਰਦਾਰ ਉਤਮ ਸਿੰਘ ਦਾ ਪਿਛਾ ਕਰਕੇ ਪਿੰਡ ਪਿਪਲ ਵਿਚ ਪੁਜੇ॥

ਇਹ ਲੋਕ ਪਹਾੜੀ ਦੀਆਂ ਚੋਟੀਆਂ ਤੇ ਚੜ੍ਹੇ ਹੋਏ ਸਨ। ਅਤੇ ਕੋਈ ੨੦੦ ਆਦਮੀ ਪਿੰਡ ਪਿਪਲ ਪੁਰ ਚੜ੍ਹ ਆਏ। ਤਾਂ ਇਹ ਸਾਰੇ ਲੋਕ ਕ੍ਰਿਪਾਨਾਂ, ਕੁਹਾੜੀਆਂ, ਆਦਿ ਲੈ ਕਰਕੇ ਅਪਣੇ ਘਰਾਂ ਅਤੇ ਮੋਰਚਿਆਂ ਵਿਚ ਚੜ੍ਹ ਗਏ। ਇਨ੍ਹਾਂ ਉਨ੍ਹਾਂ ਨੂੰ ਪੁਛਿਆ ਕਿ ਤੁਸੀ ਕੀ ਮੰਗਦੇ ਹੋ। ਤਾਂ ਉਹਨਾਂ ਕਿਹਾ ਕਿ ਜਿਹੜੇ ਨਸ ਕੇ ਆਏ ਹਨ ਉਹ ਕਿਧਰ ਗਏ ਹਨ। ਕਿਉਂਕਿ ਅਸੀਂ ਉਹਨਾਂ ਨੂੰ ਮਾਰ ਦੇਣਾ ਚਾਹੁੰਦੇ ਹਾਂ। ਤਾਂ ਇਨ੍ਹਾਂ ਕਿਹਾ ਕਿ ਬਾਹਰ ਦਾ ਕੋਈ ਆਦਮੀ ਨਹੀਂ ਸੀ। ਅਸੀਂ ਹੀ ਮੋਹਰੀਂ ਕਣਕ ਲੈਣ ਲਈ ਜਾ ਰਹੇ ਸਾਂ। ਸਰਦਾਰ ਸਾਹਿਬ ਦੇ ਸਮਝਾਣ ਨਾਲ ਵਾਪਸ ਚਲੇ ਗਏ, ਤੇ ਥੋੜੀ ਦੇਰ ਨਾਲ ਕਰੀਬਨ ੫ ਵਜੇ ਸ਼ਾਮ ਦੇ ਮੁਜਾਹਦ ਦੇ ਲੋਕਾਂ ਨੂੰ ਪਹਾੜੀ ਦੀ ਚੋਟੀ ਪੁਰ ਚੜ੍ਹ ਕੇ ਨਗਾਰੇ ਤੇ ਚੋਟ ਲਗਾਈ। ਤੇ ਉਚੀ ਆਵਾਜ਼ ਨਾਲ ਕਿਹਾ ਕਿ

ਸਾਰੇ ਮੁਸਲਮਾਨ ਜਾਕੇ ਪਿਪਲ ਤੇ ਹਮਲਾ ਕਰਕੇ ਸਿੱਖਾਂ ਨੂੰ ਮਾਰ ਦਿਊ। ਮਾਲ ਲੁਟ ਲਵੋ, ਮਕਾਨ ਸਾੜ ਦਿਊ, ਚੂੰਕਿ ਸਿੱਖ, ਹਿੰਦੂ ਥੋੜੀ ਤਾਦਾਦ ਹੋਣ ਕਰਕੇ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਇਸ ਲਈ ਉਹ ਬਾਲ ਬਚੇ ਸਮੇਤ ਪਹਾੜ ਤੇ ਚੜਕੇ ਰਾਤ ਉਥੇ ਗੁਜ਼ਾਰੀ ਅਤੇ ਸਵੇਰੇ ਹਵੇਲੀਆਂ ਆ ਗਏ। ਉਸੀ ਦਿਨ ਸ਼ਾਮ ਨੂੰ ਉਨ੍ਹਾਂ ਦੇ ਘਰ ਲੁਟ ਲਏ ਤੇ ਅਗ ਲਾ ਦਿਤੀ।।

<u>ਹਾਲਾਤ ਜਾਬਾ</u>

ਅਜ ਤੋਂ ਦੋ ਤਿੰਨ ਹਫਤੇ ਅਫਵਾਹ ਫੈਲ ਗਈ ਕਿ ਮੁਸਲਮਾਨ ਜਥੇ ਹਮਲਾ ਕਰਕੇ ਕਤਲ ਤੇ ਲੁਟ ਮਾਰ ਮਰਨਗੇ। ਜੋ ਖਾਂਨ ਨਵਾ ਸਹਿਰ ਵਾਲਾ ਤੇ ਮਿਸਟ੍ਰ ਅਬੁਦਲ ਕਯੂਮ ਰਿਆਲ ਵਾਲੇ ਆਮ ਮੁਸਲਮਾਨਾਂ ਨੂੰ ਇਸ ਕੰਮ ਲਈ ਪ੍ਰਚਾਰ ਕਰਦੇ ਇਨ੍ਹਾਂ ਦੇ ਸਕੂਲਾਂ ਦੇ ਬਚਿਆਂ ਨੂੰ ਨਾਲ ਦੇ ਮੁਸਲਮਾਨ ਮੁੰਡੇ ਤੇ ਪਾਕਿਸਤਾਨ ਹਲਕਾਰਾਂ ਡਾਕ ਵਿਚ ਕਈ ਵਾਰੀ ਕਿਹਾ ਕਰਦਾ ਸੀ ਕਿ ਹੁਣ ਸਿੱਖਾਂ ਦੇ ਦਿਨ ਥੋੜੇ ਹਨ। ਇਹ ਖਬਰਾਂ ਸਿੱਖਾਂ ਹਿੰਦੂਆਂ ਤਕ ਪੁਜ ਗਈਆਂ। ਤੇ ਨਾਲ ਦੇ ਨਾਲ ਪੁਜਦੀਆਂ ਰਹਿਆਂ। ੨੬-੧੨-੪੬ ਨੂੰ ਸਰਦਾਰ ਕਾਹਣ ਸਿੰਘ ਤੇ ਉਸਦੀ ੮-੯ ਸਾਲਾ ਲੜਕੀ ਬਲਬੀਰ ਕੌਰ ਨੂੰ ਅਤੇ ਉਸਦੇ ਸਾਲਾ ਸਰਦਾਰ ਲਹਿਣਾ ਸਿੰਘ ਨੂੰ ਮਲਾਛ ਤੋਂ ਵਾਪਸ ਆ ਰਹੇ ਸਨ, ਪਿੰਡ ਦੇ ਵਲ, ਮਲਾਛ ਤੇ ਨਾਗਰੀ ਦੇ ਲੋਕਾਂ ਨੇ ਬੜੀ ਬੇ-ਰਹਿਮੀ ਨਾਲ ਕਤਲ ਕਰ ਦਿਤੇ। ਇਸ ਖਬਰ ਨਾਲ ਸਿੱਖ, ਹਿੰਦੂਆਂ ਦੇ ਪਿੰਡਾਂ ਵਿਚ ਬੜਾ ਰੌਲਾ ਫੈਲ ਗਿਆ। ਇਨ੍ਹਾਂ ਦੇ ਪਿਤਾ ਨੇ ਇਕੱਠਿਆਂ ਹੋਕੇ ਫਰਯਾਦ ਕੀਤੀ, ਇਸ ਤੋਂ ਬਾਹਦ ਸਿੱਖ ਲੜਕੇ ਜਸਵੰਤ ਸਿੰਘ ਵਲਦ ਕਾਲਾ ਸਿੰਘ, ਤਾਰਾ ਸਿੰਘ ਵਲਦ ਸੁੰਦਰ ਸਿੰਘ ਮੁੀਾੜੀ ਦੇ ਜੰਦਰੇ ਤੋਂ ਆਟਾ ਪੀਣ ਲਈ ਗਏ। ਉਥੇ ਸ਼ਾਹ ਨਵਲਦ ਮੀਰਾਂ, ਯਾਕੂਬ ਵਲਦੇ ਨਾ ਮਾਲੂਮ, ਹਮਨ ਵਲਦ ਮੀਰਾ, ਪਿੰਡ ਚੰਦ ਮੈੜਾ ਦਿਆਂ ਨੇ ਇਨ੍ਹਾਂ ਨਾਲ ਛੇੜ ਛਾੜ ਕੀਤੀ ਅਤੇ ਉਨ੍ਹਾਂ ਨੂੰ ਕਤਲ ਕਰਨ ਦੀ ਧਮਕੀ ਭੀ ਦਿਤੀ । ਇਤਨੇ ਵਿਚ ਚੌਕੀਦਾਰ ਜੰਦਰ (ਪੰਜ ਉਥੇ ਪੁਜ ਗਿਆ, ਇਨ੍ਹਾਂ ਨੂੰ ਆਕੇ ਛੁਡਾਇਆ। ਇਨ੍ਹਾਂ ਨੇ ਸ਼ਰਨ ਜਾਗੀਰਦਾਰ ਨੂੰ ਇਤਲਾਹ ਦਿਤੀ, ਲੇਕਨ ਉਸ ਨੇ ਤਸੱਲੀ ਦਿਲਾਈ ਕਿ ਫਿਕਰ ਮਤ ਕਰੋ ਮੈਂ ਉਨ੍ਹਾਂ ਨੂੰ ਧਮਕਾਇਆ ਹੈ, ਦਬਾਇਆ ਹੈ। ਪ੍ਰੰਤੂ ਗੁਰਪੁਰਬ ਤੇ ਜਦ ਪ੍ਰਸ਼ਾਦਿ ਛਕਣ ਲਈ ਸਾਰੇ ਮਰਦ ਮੁਹਾੜ ਗਏ ਹੋਏ ਸਨ ਤਾਂ ਉਸੀ ਸ਼ਾਮ ਨੂੰ ਦੋ ਮੁਸਲਮਾਨਾਂ ਲੋ ਇਕ ਹਿੰਦੂ ਹਰੀ ਰਾਮ ਮੋਹਰੀ ਦੇ ਨੂੰ ਲੈ ਕੇ ਪਿੰਡ ਜਾਬਾ ਵਿਚ ਗੁਜ਼ਰੇ। ਸਾਰੇ ਪਿੰਡ ਜਾਬਾ ਨੇ ਮਕਾਨਾਂ ਨੂੰ ਫਿਰ ਕੇ ਦੇਖਿਆ, ਪਿੰਡ ਵਿਚ ਉਸ ਵਕਤ ਇਕ ਨੌਜਵਾਨ ਸ੍ਰ: ਪ੍ਰਿਤਪਾਲ ਸਿੰਘ ਜੀ ਉਸ ਨੂੰ ਦਿਸਿਆ। ਕਿ ਅਸੀ ~~[illegible]~~ ਮਕਾਨਾਂ ਦੀ ਕੜੀਆਂ ਲੈਣ ਲਈ ਆਏ ਹਾਂ ਲੇਕਨ ਜਾਂਦਿਆਂ ਕਹਿ ਗਏ ਕਿ ਜੋ ਕੁਝ ਖਾਣਾ-ਪੀਣਾਂ ਹੈ, ਖਾ ਪੀ ਲਵੋ, ਕਿਉਂਕਿ ਅਸੀਂ ਰਾਤ ੧੨ ਵਜੇ ਹਮਲਾ ਕਰਾਂਗੇ ਅਤੇ ਸਾਰੇ ਹਿੰਦੂ ਸਿੱਖ ਖਤਮ ਕਰ ਦਿਤੇ ਜਾਂਣਗੇ। ਸਿੱਖਾਂ ਨੂੰ ਇਸ ਗਲ ਨਾਲ ਬੜਾ ਡਰ ਹੋਇਆ। ਉਨ੍ਹਾਂ ਨੇ ੨੯-੧੨-੪੬ ਨੂੰ ਬਚਿਆਂ ਤੇ ਤੀਵੀਆਂ ਨੂੰ ਕਢਕੇ ਪਹਾੜ ਤੇ ਚੜ੍ਹਾ ਦਿਤਾ ਅਤੇ ਪਿੰਡ ਜਾਬਾ ਦੇ ੭ ਸਿੱਖ ਮਕਾਨ ਤੇ ਚੜ੍ਹ ਕੇ ਲੁਟੇਰਿਆਂ ਦੀ ਉਡੀਕ ਕਰਦੇ ਰਹੇ। ਸਾਰੀ ਰਾਤ ਬੀਤ ਗਈ ਲੇਕਨ ਹਮਲਾ ਨ ਹੋਇਆ। ਸਵੇਰੇ ਫਿਰ

ਬਾਲ ਬਚੇ ਨੂੰ ਘਰੀਂ ਲੈ ਆਏ। ਮੁਹਾੜੀ ਦੇ ਸਿੱਖਾਂ ਨੂੰ ਸ਼ਾਮਲ ਕਰਕੇ ਸਰਨ ਜਾਗੀਰਦਾਰ ਪਾਸ ਗਏ ਤੇ ਕਿਹਾ ਕਿ ਮੁਸਲਮਾਨ ਸਾਡੇ ਤੇ ਹਮਲਾ ਕਰਨ ਵਾਲੇ ਹਨ। ਇਹ ਗਲ ਠੀਕ ਨਹੀਂ, ਉਸ ਨੇ ਸਿੱਖਾਂ ਨੂੰ ਤਸੱਲੀ ਦਿਤੀ ਤੇ ਵਾਪਸ ਪਰਤਾਏ।।

੩੧-੧੨-੪੬ ਨੂੰ ਸਰਦਾਰ ਭਗਤ ਸਿੰਘ ਸਨਕੂ ਵਾਲੇ ਨੂੰ ਐਬਟਾ-ਬਾਦ ਘਲਿਆ ਗਿਆ ਕਿ ਅਫਸਰਾਂ ਨੂੰ ਦਸੇ ਕਿ ਇਨ੍ਹਾਂ ਪਿੰਡਾਂ ਨੂੰ ਮੁਹਾੜਾ ਦਾ ਪਿੰਡ ਸੜਦਿਆਂ ਹੋਇਆ ਦਿਸਿਆ ਅਤੇ ਗੋਲੀਆਂ ਦੀ ਆਵਾਜ਼ ਆਈ ਇਹ ਗਲ ਸਕਰੇ ਸਾਰਿਆਂ ਸਿੱਖਾਂ ਨੂੰ ਅਪਣਾ ਬਾਲ ਬਚਾ ਪਹਾੜ ਤੇ ਚੜ੍ਹਾ ਦਿਤਾ, ਇਤਨੇ ਵਿਚ ਮੁਖਲਮਾਨ ਕਾਫੀ ਤਾਦਾਦ ਵਿਚ ਕੁਹਾੜਾ, ਬਰਛੇ, ਬੰਦੂਕਾਂ ਆਦਿ ਲੈ ਕਰਕੇ ਆ ਗਏ ਤੇ ਮਕਾਨ ਲੁਟ ਕੇ ਸਾੜ੍ਹ ਦਿਤੇ। ਸਾਰੀ ਰਾਤ ਸਿੱਖ ਪਹਾੜ ਤੇ ਰਹੇ ਤੇ ਸਵੇਰੇ ਹਵੇਲੀ ਆ ਪੁਜੇ। ਫਿਰ ਸ੍ਰੀ ਪੰਜਾ ਸਾਹਿਬ ਆ ਗਏ।।

ਹਾਲਾਤ ਪਿੰਡ ਗੋਹੜਾ

ਗੋਹੜਾ ਪਿੰਡ ਰੋਜ਼ੀਆਂ ਕੋਲ ਹੈ ਅਤੇ ਹਵੇਲੀਆਂ ਤੋਂ ੬ ਮੀਲ ਦੂਰ ਹੈ। ਜਦੋਂ ਮੋਹਰੀ ਅਤੇ ਅਖਰੂਟੇ ਦੇ ਪਿੰਡ ਸੜ੍ਹ ਗਏ ਤਾਂ ਗੋਹੜੇ ਦੇ ਸਿੱਖਾਂ ਨੇ ਸਮਝਿਆ ਕਿ ਹੁਣ ਸਾਡੀ ਵਾਰੀ ਹੈ। ਉਹ ਰਾਤੋ ਰਾਤ ਜਿਹੜੇ ਚਲ ਸਕਦੇ ਸਨ ਉਹ ਸਣੇ ਬਾਲ ਬਚੇ ਹਵੇਲੀਆਂ ਆ ਗਏ। ਬਾਕੀ ੨੨ ਆਦਮੀ ਪਿੰਡ ਵਿਚ ਡਰੇ ਰਹੇ। ਭਾ: ਘੇਰਾ [illegible] ਰਾਮ ਨੇ ਆਕੇ ਹਵੇਲੀ ਥਾਣੇ ਰੀਪੋਰਟ ਕੀਤੀ ਤੇ ਉਥੋਂ ਬਾਕੀ ਆਦਮੀਆਂ ਨੂੰ ਕਢ ਲਿਆਏ। ਸਭ ਮਾਲ ਅਸਬਾਬ ਛਡਕੇ ਵੇਲੀ ਆ ਗਏ ਤੇ ਫਿਰ ਸ੍ਰੀ ਪੰਜਾ ਸਾਹਿਬ ਪੁਜ ਉਸੀ ਦਿਨ ਸਭ ਮਕਾਨ ਲੁਟੇ ਤੇ ਕੋਈ ਪਤਾ ਨਹੀਂ ਕਿ ਮਕਾਨ ਸਾੜ੍ਹੇ ਗਏ ਹਨ ਕਿ ਨਹੀਂ।।

ਪਿੰਡ ਫੁਲ ਗਰਾਂ

ਜਿਸ ਦਿਨ ਮੋਹਰੀ ਤੇ ਹਮਲਾ ਹੋਇਆ ਉਸ ਦਿਨ ਜੋ ਲੁਟੇਰੇ ਲੁਟ ਕੇ ਆ ਰਹੇ ਸਨ, ਉਨ੍ਹਾਂ ਨੇ ਕਿਹਾ ਕਿ ਬਾਸੀ ਤੇ ਫੁਲ ਗਰਾਂ ਭੀ ਲੁਟਾਂਗੇ ਇਸ ਪਿੰਡ ਦੇ ਮੁਸਲਮਾਨਾਂ ਨੇ ਕਿਹਾ ਕਿ ਇਨ੍ਹਾਂ ਨੂੰ ਅਜ ਨਾਂਹ ਲੁਟੋ। ਇਨ੍ਹਾਂ ਲੁਟੇਰਿਆਂ ਨੂੰ ਇਨ੍ਹਾਂ ਪਿੰਡਾਂ ਦੇ ਮੁਸਲਮਾਨਾਂ ਨੇ ਟਾਲ ਦਿਤਾ ਤਾਂ ਭੀ ਪਰ ਆਖਰ ਸਾਰੇ ਪਿੰਡ ਦੇ ਹਿੰਦੂਆਂ ਨੂੰ ਨਜਰ ਬੰਦ ਕਰ ਦਿਤਾ ਤੇ ਕਿਹਾ ਕਿ ਤੁਸੀ ਕਿਸੀ ਕਿਸਮ ਦਾ ਫਿਕਰ ਨਾ ਕਰੋ ਅਸੀ ਤੁਹਾਡੀ ਚੌਕੀਦਾਰੀ ਕਰਾਂਗੇ। ਇਨ੍ਹਾਂ ਨੂੰ ਦੋ ਦਿਨ ਅੰਦਰ ਹੀ ਰਹਿਣ ਦਿਤਾ ਤੀਜੇ ਦਿਨ ਨੂੰ ਇਨ੍ਹਾਂ ਨੂੰ ਕਿਹਾ ਗਿਆ ਕਿ ਅਸੀਂ ਹੁਣ ਕੁਝ ਨਹੀਂ ਕਰ ਸਕਦੇ ਪਰ ਨਜਰ ਬੰਦ ਰਖੀ ਰਖਿਆ।। ਦੂਜੇ ਦਿਨ ਇਨ੍ਹਾਂ ਨੂੰ ਕਿਹਾ ਕਿ ਹੁਣ ਤੁਸੀਂ ਨਿਕਲ ਜਾਉ, ਇਲਾਕਾ ਗੈਰ ਦੇ ਆਦਮੀ ਆਣ ਵਾਲੇ ਹਨ ਹੁਣ ਤੁਹਾਡੀ ਰਾਖੀ ਨਹੀਂ ਹੋ ਸਕੇਗੀ।। ਤੇ ਹਿੰਦੂਆਂ ਨੂੰ ਪਿੰਡ ਵਿਚੋਂ ਕਢ ਦਿਤਾ।। ਆਪ ਹੀ ਉਨ੍ਹਾਂ ਦੇ ਗਰਾਂ ਨੂੰ ਲੁਟਣਾ ਸ਼ੁਰੂ ਕਰ ਦਿਤਾ ਤੇ ਅਪਣੇ ਪਿੰਡ ਦੇ ਬਦਮਾਸ਼ਾਂ ਨੂੰ ਜਿੰਨ੍ਹਾਂ ਦੇ ਨਾਮ ਲਿਖੇ ਜਾਂਦੇ ਹਨ ਕੈਰਾ ਖਾਨ, ਦੋਸਾ ਖਾਨ.

ਬਖੂ ਖਾਨ, ਆਦਿ ਨੇ ਅਗੇ ਆਕੇ ਇਨ੍ਹਾਂ ਨੂੰ ਘੇਰਾ ਪਾ ਲਿਆ, ਤੇ ਵਾਪਸ ਪਿੰਡ ਲੈ ਗਏ।। ਤੇ ਫਿਰ ਰਾਤ ਨੂੰ ਨਜ਼ਰਬੰਦ ਕਰ ਦਿਤਾ।। ਦੂਜੇ ਦਿਨ ਇਕ ਮਠੀ ਰਾਮ ਨਾਮੀ ਪੋਲੀਸ ਵਾਲੇ ਨੇ ਦਸ ਸਿਪਾਹੀ ਬਾਰਡਰ ਤੇ ਲੈ ਕੇ ਆਪਣਾ ਟਬਰ ਹਵੇਲੀਆਂ ਨੂੰ ਲੈ ਆਇਆ, ਲੇਕਨ ਬਾਕੀਆਂ ਦੀ ਕੋਈ ਮਦਦ ਨਹੀਂ ਕੀਤੀ। ਉਸਤੋਂ ਬਾਹਰ ਹਿੰਦੂਆਂ ਨੂੰ ਕਿਹਾ ਕਿ ਜਾਂ ਤੁਸੀਂ ਮੁਸਲਮਾਨਾ ਹੋ ਜਾਉ, ਜਾਂ ਮਾਰ ਦਿਤੇ ਜਾਉਗੇ। ਦੋ ਦਿਨ ਫਿਰ ਨਜ਼ਰਬੰਦ ਰਖਿਆ ਤੇ ਸਭ ਨੂੰ ਜਬਰਨ ਮੁਸਲਮਾਨ ਬਣਾ ਦਿਤਾ ਗਿਆ ਤੇ ਕਲਮਾ ਪੜ੍ਹਾਇਆ ਗਿਆ।।

ਇਸ ਪਿੰਡ ਦਾ ਇਕ ਹਿੰਦੂ ਪ੍ਰਸ਼ੋਤਮ ਦਾਸ ਨਾਮੀ ਉਥੋਂ ਨਸਕੇ ਹਵੇਲੀਆਂ ਪੁਜ ਗਿਆ ਅਤੇ ਹਵੇਲੀਆਂ ਥਾਣੇ ਇਤਲਾਹ ਦੇ ਦਿਤੀ। ਹਵੇਲੀਆਂ ਤੋਂ ੨੦੦ ਆਦਮੀ ਬਾਰਡਰ ਵਲ ਫਲ ਗਰਾਂ ਆ ਗਏ, ਅਤੇ ੪੦ ਆਦਮੀ ਕਢਕੇ ਹਵੇਲੀਆਂ ਲੈ ਗਏ। ਜਿਸ ਵਕਤ ਪਿੰਡ ਦੇ ਮੁਸਲਮਾਨਾਂ ਨੇ ਤਕਿਆ ਕਿ ਬਾਰਡਰ ਆ ਰਹੀ ਹੈ ਤਾਂ ਕੁਝ ਹਿੰਦੂਆਂ ਨੂੰ ਅਡ ਬੰਦ ਕਰ ਦਿਤਾ। ਤੇ ਬਾਕੀਆਂ ਨੂੰ ਘਰੋ ਘਰੀ ਛਡ ਦਿਤਾ।। ਤੇ ਜਿਹੜੇ ਘਰਾਂ ਵਿਚ ਸਨ ਉਹਨਾਂ ਨੂੰ ਬਾਡਰ ਵਾਲੇ ਹਵੇਲੀਆਂ ਲੈ ਆਏ ਤੇ ਬਾਕੀਆਂ ਨੂੰ ਉਥੇ ਹੀ ਡਕੀ ਰਖਿਆ। ਇਨ੍ਹਾਂ ਨੇ ਇਕ ਹਿੰਦੂ ਲਛਮਣ ਦਾਸ ਨੂੰ ਕਹਾ ਕਿ ਮੈਂ ਨਹੀਂ ਨਹੀਂ ਜਾਵਾਂਗਾ ਤੇ ਮੈਂ ਮੁਸਲਮਾਨ ਹੀ ਰਵਾਂਗਾ। ਬਾਕੀਆਂ ਦੀ ਬਾਬਤ ਭੀ ਲਛਮਣ ਦਾਸ ਨੇ ਕਿਹਾ ਕਿ ਇਹ ਭੀ ਨਹੀਂ ਜਾਵਣਗੇ। ਪਰ ਉਨ੍ਹਾਂ ਦਾ ਕੋਈ ਪਤਾ ਨਹੀਂ ਕਿ ਉਹ ਕਿਥੇ ਹਨ। ਇਕ ਮਕਾਨ ਲਾਲਾ ਸੁੰਦਰ ਦਾਸ ਤੇ ਇਕ ਦੋ ਮਕਾਨ ਲਾਲਾ ਦੇਵੀ ਰਾਮ ਦੇ ਸਾੜ ਦਿਤੇ ਗਏ।। ਗੁਰਦੁਆਰੇ ਨੂੰ ਹੁਜਰਾ ਬਣਾ ਲਿਆ ਗਿਆ ਤੇ ਬੀੜਾਂ ਹਵੇਲੀਆਂ ਪੁਚਾ ਦਿਤੀਆਂ ਗਈਆਂ।। ਇਹ ਭੀ ਸਭ ਹਿੰਦੂ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਪੁਜ ਗਏ ਹਨ।।

<u>ਹਾਲਾਤ ਪਿੰਡ ~~ਢਕ~~ ਧੁਨਕ</u>।।

ਇਹ ਪਿੰਡ ਚੋਹਰੀ ਤੋਂ ਤਿੰਨ ਮੀਲ ਤੇ ਹਵੇਲੀਆਂ ਤੋਂ ੯ ਮੀਲ ਹੈ। ਮੁਸਲਮਾਨਾਂ ਨੇ ਜਿਸ ਵਕਤ ਜਬੇ ਨੂੰ ਅਗ ਲਗਾਈ, ਉਸੀ ਦਿਨ ਪਿੰਡ ਨੂੰ ਘੇਰਾ ਪਾ ਲਿਆ ਤੇ ਕਿਹਾ ਕਿ ਸਭ ਨੂੰ ਮਾਰ ਦਿਉ। ਇਹ ਖਬਰ ਸੁਣ ਕੇ ਸਭ ਡਰ ਗਏ, ਤੇ ਸਾਰੇ ਆਪਣੇ ਬਾਲ ਬਚਿਆਂ ਨੂੰ ਲੈ ਕੇ ਪਹਾੜਾਂ ਤੇ ਚੜ੍ਹ ਗਏ।। ਜਦ ਸਿੱਖ ਪਹਾੜਾਂ ਤੇ ਜਾ ਰਹੇ ਸਨ ਤਾਂ ਸ਼ੇਰ ਮੁਹੰਮਦ ਜਾਗੀਰਦਾਰ, ਅਕਬਰ ਖਾਨ ਹਾਜੀਆ ਵਾਲੇ ਨੇ ਕਿਹਾ ਕਿ ਪਹਿਲਾਂ ਮਕਾਨ ਲੁਟ ਲਵੋ। ਤੇ ਫਿਰ ਸਾੜ ਦਿਉ। ਕਾਲਾ ਸਿੰਘ ਲੰਬੜਦਾਰ ਲੰਗੜਾ ਸੀ ਅਤੇ ਚਲ ਨਹੀਂ ਸੀ ਸਕਦਾ। ਉਸ ਨੇ ਕਿਹਾ ਕਿ ਮੈਨੂੰ ਨਾ ਮਾਰੋ, ਜੋ ਲੁਟਣਾ ਹੈ ਲੁਟ ਲਵੋ। ਮੁਸਲਮਾਨਾਂ ਨੇ ਕਾਲਾ ਸਿੰਘ ਨੂੰ ਕੁਹਾੜੀਆਂ ਨਾਲ ਕਤਲ ਕਰ ਦਿਤਾ। ਲਾਸ਼ ਉਥੇ ਹੀ ਹੈ ਕਿਸੀ ਨੇ ਨਹੀਂ ਲਿਆਂਦੀ। ਰਵੇਲ ਸਿੰਘ ਜਦੋਂ ਆਪਣੇ ਭਰਾ ਕਾਲਾ ਸਿੰਘ ਨੂੰ ਬਚਾਣ ਗਿਆ ਤਾਂ ਉਸ ਨੂੰ

ਉਨ੍ਹਾਂ ਨੇ ਮੁਹਾੜੀ ਆਕੇ ਕਤਲ ਕੀਤਾ। ਜਿਸ ਦੀ ਲਾਸ਼ ਦਾ ਭੀ ਕੋਈ ਪਤਾ ਨਹੀਂ ਲਗਾ।। ਸਾਰਾ ਪਿੰਡ ਲੁਟਿਆ ਤੇ ਸਾੜ੍ਹਿਆ ਜਾ ਚੁਕਾ ਹੈ।। ਤੇ ਸਾਰੇ ਲੋਕ ਤਿੰਨ ਤਿੰਨ ਕਪੜਿਆਂ ਵਿਚ ਗੁ: ਸ੍ਰੀ ਪੰਜਾ ਸਾਹਿਬ ਪੁਜ ਚੁਕੇ ਹਨ।।

ਹਾਲਾਤ ਪਿੰਡ ਮੁਹਾੜੀ:-

ਜਿਸ ਵਕਤ ਧਣਕ ਲੁਟਕੇ ਆਏਤਾਂ ਉਹ ਤੇ ਰਿਆਲੇ ਦੇ ਹੋਰ ਪਿੰਡਾਂ ਦੇ ਮੁਸਲਮਾਨਾਂ ਨੇ ਕਠਿਆਂ ਹੋ ਕੇ ਮੁਹਾੜੀ ਦੇ ਪਿੰਡ ਤੇ ਹਮਲਾ ਕੀਤਾ।। ਪਿੰਡ ਦੇ ਮੁਸਲਮਾਨਾਂ ਨੇ ਕਿਹਾ ਕਿ ਜਾਂ ਤਾਂ ਮੁਸਲਮਾਨ ਹੋ ਜਾਉ ਜਾਂ ਮਾਰ ਦਿਆਂ ਗੇ।। ਸਿੱਖਾਂ ਨੇ ਉਤ੍ਰ ਦਿਤਾ ਕਿ ਸਾਨੂੰ ਇਕ ਦਿਨ ਦੀ ਮੋਹਲਤ ਦਿਤੀ ਜਾਵੇ।। ਅਸੀਂ ਕਲ ਜਵਾਬ ਦਿਆਂਗੇ।। ਉਨ੍ਹਾਂ ਕਿਹਾ ਕਿ ਕਲ ਤਕ ਅਸੀਂ ਉਡੀਕ ਨਹੀਂ ਸਕਦੇ।। ਹੁਣ ਹੀ ਜੁਆਬ ਦਿਉ। ਇਤਨੀ ਦੇਰ ਵਿਚ ਗੁਰਦਵਾਰੇ ਤੇ ਹਮਲਾ ਕੀਤਾ ਤੇ ਗੁਰਦਵਾਰੇ ਦਾ ਸਾਰਾ ਸਾਮਾਨ ਲੁਟ ਲਿਆ ਗਿਆ। ਤੇ ਗੁਰਦਵਾਰਾ ਸਾੜ੍ਹ ਦਿਤਾ ਗਿਆ।। ਮਹਾਰਾਜ ਜੀ ਦੀਆਂ ਸਤ ਬੀੜਾਂ ਸ਼ਹੀਦ ਹੋਈਆਂ।। ਜਦ ਗੁਰਦਵਾਰੇ ਨੂੰ ਅਗ ਲਗੀ ਤਾਂ ਲੋਕ ਬਾਲ ਬਚੇ ਸਮੇਤ ਨਸ ਪਏ। ਮਾਲ ਲੁਟ ਕੇ ਸਾਰਿਆਂ ਘਰਾਂ ਨੂੰ ਅਗ ਲਗਾ ਦਿਤੀ ਗਈ।। ਸਭ ਸਿੱਖ ਹਵੇਲੀਆਂ ਤੋਂ ਹੋਕੇ ਸ੍ਰੀ ਪੰਜਾ ਸਾਹਿਬ ਪੁਜੇ। ਇਸ ਪਿੰਡ ਦਾ ਇਕ ਸਿੰਘ, ਬੁਧ ਸਿੰਘ ਸਵਾਲੇ ਵਿਚ ਦੁਕਾਨਦਾਰ ਸੀ, ਦੋ ਲੜਕੀਆਂ ਸਣੇ ਮਾਲ ਅਸਬਾਬ ਬੰਦ ਕੀਤਾ ਹੋਇਆ ਹੈ, ਪਤਾ ਨਹੀਂ ਜਿਸ ਦਾ ਹੈ ਮਾਰ ਦਿਤਾ ਗਿਆ ਹੈ।।

ਹਾਲਾਤ ਨੜ ਛਾ:

ਜਿਸ ਦਿਨ ਇਸ ਪਿੰਡ ਵਾਲਿਆਂ ਨੇ ਸੁਣਿਆ ਕਿ ਧਣਕ ਲੁਟੀ ਗਈ ਹੈ, ਤਾਂ ਉਨ੍ਹਾਂ ਨੂੰ ਭੀ ਡਰ ਹੋਇਆ।। ਤੇ ਉਨ੍ਹਾਂ ਭੀ ਅਪਣਾ ਬਾਲ ਬਚਾ ਪਹਾੜ ਤੇ ਚੜ੍ਹਾ ਦਿਤਾ।। ਮੁਸਲਮਾਨਾਂ ਨੇ ਮਾਲ ਲੁਟ ਲਿਆਂ ਤੇ ਮਕਾਨਾ ਨੂੰ ਸਾੜ੍ਹ ਦਿਤਾ ਗਿਆ।। ਦੋ ਗੁਰਦਵਾਰੇ ਸਾੜ੍ਹ ਦਿਤੇ ਗਏ ਤੇ ਮਹਾਰਾਜ ਦੀਆਂ ਦੋ ਬੀੜਾਂ ਸ਼ਹੀਦ ਹੋਈਆਂ।।

ਪਿੰਡ ਮਲਾਛ ਦਾ ਹਾਲ

ਅਜੇ ਤਕ ਮਲਾਛ ਦਾ ਕੋਈ ਆਦਮੀ ਸ੍ਰੀ ਪੰਜਾ ਸਾਹਿਬ ਨਹੀਂ ਪੁਜਾ, ਪਰ ਐਬਟਾਬਾਦ ਤੋਂ ਆਏ ਹੋਏ ਸਜਣ ਜੋ ਮਲਾਛ ਦੇ ਹਿੰਦੂ ਸਿੱਖਾਂ ਨੂੰ ਕਾਫ਼ੂਲ ਮਿਲ ਕੇ ਆਏ ਹਨ, ਦਸਿਆ ਹੈ ਕਿ ਮਲਾਛ ਤੇ ਉਸਦੇ ਇਰਦ ਗਿਰਦ ਦੇ ਪਿੰਡ ਸਾੜ੍ਹੇ ਜਾ ਚੁਕੇ ਹਨ। ਅਤੇ ਲੁਟੇ ਜਾ ਰਹੇ ਹਨ।। ਇਨ੍ਹਾਂ ਪਿੰਡਾਂ ਦੇ ਲੋਕਾਂ ਨੇ ਤਿੰਨ ਦਿਨ ਉਨ੍ਹਾਂ ਦਾ ਡਟਕੇ ਮੁਕਾਬਲਾ ਕੀਤਾ ਜਦੋਂ ਪਤਾ ਲਗਾ ਗਿ ਐਬਟਾਬਾਦ ਤੋਂ ਮਿਲਟ੍ਰੀ ਭੇਜੀ ਜਾ ਚੁਕੀ ਹੈ ਤਾਂ ਮੁਸਲਮਾਨ ਨਸ ਗਏ ਤੇ ਸਿੱਖ ਜੋ ਮੋਰਚਿਆਂ ਵਿਚ ਬੈਠੇ ਹੋਏ ਸਨ, ਮਿਲਟ੍ਰੀ ਨੇ ਉਨ੍ਹਾਂ ਨੂੰ ਲਾਰੀਆਂ ਵਿਚ ਚੜ੍ਹਾ ਕੇ ਕਾਫ਼ੂਲੇ ਟਿਕਾਇਆ। ਕਰੀਬਨ ੫੦੦ ਸਿੱਖ ਕਾਫ਼ੂਲੇ ਪੁਜ ਚੁਕੇ ਹਨ। ਉਨ੍ਹਾਂ ਦੀ ਖਰਚ ਖੁਰਾਕ ਦਾ ਪ੍ਰਬੰਧ ਸਰਕਾਰ ਸਰਹੱਦ ਵਲੋਂ ਹੈ।। ਤੇ ਪਤਾ ਲਗਾ ਹੈ ਕਿ ੧੦੦ ਮੁਜ਼ੱਫਰਾਬਾਦ ਪੁਜ ਚੁਕੇ ਹਨ। ਲੇਕਨ

ਪੰਜ ਸੌ (੫੦੦) ਆਦਮੀਆਂ ਦਾ ਕੋਈ ਪਤਾ ਨਹੀਂ ਕਿ ਮਰ ਗਏ ਹਨ ਕਿ ਜ਼ਿੰਦਾ ਹਨ।।

<u>ਮਲਾਹ ਦੇ ਪਿੰਡ ਧਰਾੜੀ</u>

ਜਾਸਾ ਖੂਹੀ, ਭਾਟਾ ਹਨ, ਇਨ੍ਹਾਂ ਵਿਚੋਂ ਧਰਾੜੀ ਤੇ ਜਾਸਾ ਤੇ ਖੂਹੀ ਦੇ ਬਾਕੀ ਸਾਰੇ ਆਦਮੀ ਬਚ ਗਏ ਹਨ, ਪਰ ਜਾਸੀ ਦੇ ਕੋਈ ਚਾਰ ਜਾਂ ਪੰਜ ਸਿੰਘ ਕਤਲ ਕੀਤੇ ਗਏ ਹਨ ਤੇ ਭਾਟਾ ਦੇ ਸਾਰੇ ਆਦਮੀ ਇਕ ਮਕਾਨ ਵਿਚ ਘੇਰਾ ਪੀ ਜਾਣ ਕਾਰਨ ਜਮਾਂ ਹੋ ਗਏ ਹਨ। ਮਰਦ ਥੋੜੇ ਸਨ ਜੋ ਤਕਰੀਬਣ ੧੫ ਸਨ, ਹੋਰ ਸਭ ਔਰਤਾਂ ਤੇ ਬਚੇ ਸਨ . ਉਸ ਮਕਾਨ ਨੂੰ ਮੁਸਲਮਾਨਾਂ ਨੇ ਅਗ ਲਗਾ ਦਿਤੀ। ਤੇ ਕਿਹਾ ਕਿ ਸਾਨੂੰ ਕੁਰਾਨ ਜਾਮਨ ਹੈ , ਤੁਸੀ ਬਾਹਰ ਆ ਜਾਵੋ। ਤੇ ਮੁਸਲਮਾਨ ਬਣ ਜਾਵੋ। ਸਾਰੇ ਤੀਵੀਆਂ ਮਰਦ ਸੜ ਗਏ ਤੇ ਪੰਜ ਮਰਦ ਤੇ ਅਠ ਕੁੜੀਆਂ ਫੜ ਕੇ ਲੈ ਗਏ ਹਨ। ਇਕ ਲੜਕੀ ਬਾਹਰ ਨਿਕਲੀ ਤੇ ਕਿਹਾ ਕਿ ਕਲਮਾ ਪੜ ਤਾਂ ਕੁੜੀ ਨੇ ਕਿਹਾ ਕਿ ਚਲੋ, ਉਸ ਮਕਾਨ ਪਾਸ ਪੁਜੀ ਜਿਥੇ ਅਕਲੇ ਸਿੱਖ ਸੜ ਰਹੇ ਸਨ ਤਾਂ ਛਾਲ ਮਾਰ ਕੇ ਅਪਣੀ ਲੜਕੀ ਸਮੇਤ ਕੁਦ ਪਈ। ਤੇ ਮਰ ਗਈ।। ਬਾਕੀ ਦੀਆਂ ਔਰਤਾਂ ਨੂੰ ਭੀ ਕਿਹਾ ਕਿ ਕਿ ਇਥੇ ਹੀ ਸੜੋ, ਬਾਹਰ ਨਿਕਲਕੇ ਧਰਮ ਨਾ ਹਾਰੋ।। ਪਕੜੀਆਂ ਜਾਂਦ ਵਾਲੀਆਂ ਲੜਕੀਆਂ ਵਿਚੋਂ ਇਕ ਲੜਕੀ ਸੁਰਸਤੀ ਸੁਪੁਤ੍ਰੀ ਭਾਈ ਗੰਡਾ ਸਿੰਘ ਜੀ ਦੀ ਸਤੌੜੇ ਵਾਲੇ ਇਕ ਮੁਸਲਮਾਨ ਦੇ ਹਵਾਲੇ ਕੀਤੀ ਗਈ ।। ਜਦ ਉਸ ਨੂੰ ਮੁਸਲਮਾਨਾਂ ਨੇ ਕਿਹਾ ਕਿ ਤੈਨੂੰ ਅਸਲਮ ਖਾਣ ਨੰਬਰਦਾਰ ਕੋਲ ਬਾਘਾ ਲੈ ਜਾਂਵਾਂਗੇ, ਉਸ ਕਿਹਾ ਕਿ ਮੈਂ ਇਸ ਗਰਾਂ ਵਿਚ ਹੀ ਰਹਾਂਗੀ।। ਮੈਂ ਬਾਘਾਂ ਨਹੀਂ ਜਾਂਦੀ, ਜਦ ਜਦ ਟਾਲਿਟਨ ਸਾਹਿਬ ਜਾਸੇ ਗਿਆ ਤਾਂ ਕੁੜ ਨੇ ਉਸ ਨੂੰ ਬਿਆਨ ਦਿਤਾ ਕਿ ਅਮਕੀਆਂ ਕੁੜੀਆਂ ਇਥੇ ਬੰਦ ਹਨ। ਤੇ ਇਨ੍ਹੇ ਆਦਮੀ ਪਕੜ ਕੇ ਲੈ ਗਏ ਹਨ, ਤਾ ਨਹੀਂ ਕਿ ਮਾਰ ਦਿਤੇ ਹਨ ਨਹੀਂ। ਉਸ ਸੁਰਸਤੀ ਨੂੰ ਟਾਲਿਟਨ ਸਾਹਿਬ ਐਬਟਾਬਾਦ ਲੈ ਗਏ ਹਨ।। ਜੋ ਬਚ ਗਏ ਹਨ , ਉਹ ਸਭ ਕਾਹੂਲੇ ਆ ਗਏ ਹੋਏ ਹਨ।। ਇਹ ਖਬਰ ਭਾਈ ਕਾਕਾ ਸਿੰਘ ਪੁਤ੍ਰ ਭਾਈ ਬੂਟਾ ਸਿੰਘ ਪਿੰਡ ਭਾਟਾ ਵਾਲੇ ਨੇ ਦਿਤੀ ਹੈ। ਇਸ ਨੇ ਦਸਿਆ ਹੈ ਕਿ ਅਸੀਂ ਤਿੰਨ ਆਦਮੀ ਰਾਤ ਦੇ ਤਿੰਨ ਵਜੇ ਨਿਕਲ ਕੇ ਕੁਹਾਲੇ ਦੇ ਰਸਤੇ ਬਕੋਟ ਗਏ। ਥਾਣੇ ਵਿਚ ਤੇਜਾ ਸਿੰਘ ਥਾਣੇਦਾਰ ਪਾਸ ਰੀਪੋਰਟ ਕੀਤੀ, ਤੇ ਸੁਪ੍ਰੰਟੈਂਡੈਂਟ ਪੋਲੀਸ ਨੂੰ ਤਾਰ ਭੀ ਦਿਵਾਈ। ਭਾਟੇ ਪਿੰਡ ਵਿਚ ਤਕਰੀਬਣ ੧੫੦ ਸਿੱਖ ਸਾੜ੍ਹ ਦਿਤੇ ਗਏ ਹ

ਨੋਟ - ਇਨ੍ਹਾਂ ਸਾਰੇ ਸਿੰਘਾਂ ਦੀ ਜ਼ਮੀਨ ਜ਼ਿਲਾ ਹਜ਼ਾਰਾ ਵਿਚ ੧,੩੫੦ ਕਨਾਲ ਹੈ।।

ਦਾਸ,

ਮੈਨੇਜਰ,

ਲੋਕਲ ਗੁਰਦਵਾਰਾ ਕਮੇਟੀ, ਸ੍ਰੀ ਪੰਜਾ ਸਾਹਿਬ।।

ਮਿਤੀ ੮-੧-੧੯੪੭।।

ਗਾਂਧੀ

File no. 1 (1946-49) 41

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਸ੍ਰੀ ਮਾਨ ਸਕੱਤ੍ਰ ਸਾਹਿਬ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ਜੀ॥

ਪਰਮ ਕ੍ਰਿਪਾਲੂ ਜੀ,

ਸਤਿ ਸ੍ਰੀ ਅਕਾਲ। ਹਰੀਪੁਰ ਬਸੀਲ ਵਿਚ ਮੁਸਲਮਾਨਾਂ ਵਲੋਂ ਗੁਰਦੁਆਰੇ ਤੇ ਜੋ ਧੱਕਾ ਕੀਤਾ ਗਿਆ ਹੈ; ਉਸ ਦੀ ਤਫਤੀਸ਼ ਇਸ ਤਰ੍ਹਾਂ ਹੈ:-

ਨੰ:	ਨਾਮ ਪਿੰਡ	ਗੁਰਦੁਆਰਾ ਜਲ ਗਿਆ	ਗਿਣਤੀ ਬੇ ਅਦਬੀ ਬੀੜਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
੧)	ਜਾਗਿਲ	ਜਲ ਗਿਆ ਹੈ	
੨)	ਸਿਰੀ ਕੋਟ	ਜਲ ਗਿਆ ਹੈ	੪ ਬੀੜਾਂ ਸ਼ਹੀਦ
੩)	ਕਾਲਿੰਜਰ	ਜਲ ਗਿਆ ਹੈ	
੪)	ਨਿਰੋਲੀ (ਥਾਨਾ ਤਰਬੇਲਾ)	ਜਲਾਇਆ ਗਿਆ	
੫)	ਸਰਾਏ ਇਮਾਨਤ ਖਾਨ	ਜਲਾਇਆ ਗਿਆ	੧ ਬੀੜ ਸ਼ਹੀਦ
੬)	ਸਿਰੀਆ	ਜਲਾਇਆ ਗਿਆ	੪ ਬੀੜਾਂ ਸ਼ਹੀਦ
੭)	ਛਜੀਆਂ	ਜਲਾਇਆ ਗਿਆ	੨ ਬੀੜਾਂ ਸ਼ਹੀਦ

ਇਹਨਾਂ ਅਸਥਾਨਾਂ ਦੀ ਬੇ-ਅਦਬੀ ੮-੩-੪੭ ਨੂੰ ਸ਼ੁਰੂ ਹੋਈ ਤੇ ਦਸ ਦਿਨ ਜਾਰੀ ਰਹੀ॥ ਕੋਟ ਨਜੀਬ ਉਲਾ ਵਿਚ ਸਕੱਤ੍ਰ ਸਰਦਾਰ ਸ਼ਾਮ ਸਿੰਘ ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ ਗੁਰਦੁਆਰਾ ਦਾ ਬਚਾਉ ਕਰਦਾ ਹੋਇਆ ਸ਼ਹੀਦ ਹੋਇਆ॥ ਨਾਲ ਹੀ ਕਈ ਸਿੰਘਾਂ ਨੂੰ ਮਜ੍ਹਬ ਤਬਦੀਲ ਕਰਨ ਤੇ ਭੀ ਮਜਬੂਰ ਕੀਤਾ ਗਿਆ॥ ੧੬੦ ਦੇ ਲਗ ਭਗ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਸੀਲ ਤੇ ਸ਼ਹਿਰ ਦੇ ਗੁਰਦੁਆਰਿਆਂ ਤੋਂ ਇਕੱਠੇ ਕਰਵਾ ਕੇ ਸ੍ਰੀ ਪੰਜਾ ਸਾਹਿਬ ਭੇਜੇ ਗਏ॥

ਦਾਸ,

ਜਗਜੀਤ ਸਿੰਘ ਪਲੀਡਰ
ਸਕੱਤ੍ਰ, ਸ੍ਰੀ ਗੁਰੂ ਸਿੰਘ ਸਭਾ,
ਹਰੀ ਪੁਰ॥

ਮਿਤੀ: ੩੦-੩-੪੭

File no 9 (1946-49) 52

ਪ੍ਰਧਾਨ ਗੁਰਦਵਾਰਾ ਪ੍ਰਬੰਧਕ ਕਮੇਟੀ

ਸ੍ਰੀ ਅੰਮ੍ਰਿਤਸਰ ਜੀ॥

ਸ੍ਰੀਮਾਨ ਜੀ,

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਬੇਨਤੀ ਹੈ, ੧੫/੧੬ ਮਾਰਚ ੧੯੪੭ ਦੀ ਰਾਤ ਨੂੰ ਕਰੀਬਨ ੧੩ ਪਿੰਡਾਂ ਦੇ ਮੁਸਲਮਾਨਾਂ ਨੇ ਪਿੰਡ ਰਾਮਗੜ੍ਹ ਤਸੀਲ ਖਾਰੀਆਂ, ਜ਼ਿਲਾ ਰਾਜਗੜ੍ਹ ਤੇ ਹੱਲਾ ਕੀਤਾ॥ ਕੋਈ ਪੰਜ ਘਰਲੁਟ ਕੇ ਅਗਾਂ ਲਗਾ ਦਿਤੀਆਂ ਕੁਦਰਤ ਨੇ ਜਿਸ ਨੂੰ ਰਖ ਲਿਆ, ਉਸ ਦੀ ਜਾਨ ਬਚੀ, ਪ੍ਰੰਤੂ ਮੇਰਾ ਘਰ ਸੁਆਹ ਹੋ ਗਿਆ॥

ਪੋਲੀਸ ਤਫਤੀਸ਼ ਕਰ ਰਹੀ ਹੈ ਤੇ ਬਹੁਤ ਸਾਰਾ ਸਾਮਾਨ ਜਿਹੜਾ ਕਿ ਲੁਟਿਆ ਜਾ ਚੁਕਾ ਸੀ, ਪੋਲੀਸ ਨੂੰ ਮਿਲ ਗਿਆ ਹੈ ਤੇ ਕਰੀਬਨ ੨੫ ਤੋਂ ੩੦ ਆਦਮੀਆਂ ਦੇ ਚਾਲਾਨ ਹੋ ਚੁਕੇ ਹਨ, ਅਗੇ ਜੋ ਦਾਤਾਰ ਨੂੰ ਮਨਜ਼ੂਰ ਹੋਵੇ॥

ਆਪ ਜੀ ਅਗੇ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਸਾਡੀ ਇਮਦਾਦ ਕਰੋ, ਪੋਲੀਸ ਮੁਤੱਸਬ ਹੋਣ ਕਰਕੇ ਸਹੀ ਸਲਾਮਤ ਤੇ ਪੋਚਾ ਪਾਣ ਦੀ ਕੋਸ਼ਿਸ਼ ਵਿਚ ਹੈ॥

ਅਸਾਂ ਦੁਖੀਆਂ ਦਾ ਬਗੈਰ ਪੰਥ ਦੇ ਹੋਰ ਕੋਈ ਸਹਿਤਾ ਕਰਨ ਵਾਲਾ ਨਹੀਂ ਹੈ॥

ਆਪ ਦੀ ਸੇਵਕ,
ਮਖਨੀ
ਸਰਦਾਰ ਦੀਵਾਨ ਸਿੰਘ ਦੇ ਘਰੋਂ।
ਰਾਮਗੜ੍ਹ ਤਸੀਲ ਖਾਰੀਆਂ,
ਜ਼ਿਲਾ ਰਾਜਗੜ੍ਹ॥

ਮਿਤੀ ੨੫-੩-੪੭

ਉਤਾਰਾ ਗੁਰਮਤਾ ਨੰ:੨੭੨੪ ਮਿਤੀ ੫-੬-੪੭, ਅੰਤ੍ਰਿੰਗ ਕਮੇਟੀ,
ਸ਼੍ਰੋਮਣੀ ਗੁਰਦੁਆਰ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜੀ॥

****

ਜ਼ਿਲਾ ਮੁਜ਼ਫਰਗੜ੍ਹ ਦੇ ਸਜਣਾਂ ਦੀ ਇਧਰ ਆਉਣ ਬਾਰੇ ਕਰਾਏ ਦੀ ਮੰਗ ਦਾ ਮਾਮਲਾ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਮਾਲੀ ਹਾਲਾਤ ਨੂੰ ਸਾਹਮਣੇ ਰਖਦਿਆਂ ਮਜਬੂਰਨ ਇਹ ਮੰਗ ਪੂਰੀ ਨਹੀਂ ਕੀਤੀ ਜਾ ਸਕਦੀ॥

— — — — — — — —

ਉਤਾਰਾ ਗੁਰਮਤਾ ਨੰ:੨੪੯੯ ਮਿਤੀ ੧-੪-੪੭, ਅੰਤ੍ਰਿੰਗ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜੀ॥

ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਰਾਵਲ ਪਿੰਡੀ ਡਵੀਯਨ ਵਿਚ ਸਿੱਖਾਂ ਤੇ ਹੋਏ ਅਤਿਯਾਚਾਰਾਂ ਦੀ ਪੜਤਾਲ ਲਈ ਪੜਤਾਲੀਆ ਕਮੇਟੀ ਨੀਯਤ ਕਰਨ ਦਾ ਲੋੜੀਂਦਾ ਪ੍ਰਬੰਧ ਕਰਨ ਦੇ ਅਧਿਕਾਰ ਪ੍ਰਧਾਨ ਸਾਹਿਬ ਸ਼੍ਰੋ:ਗੁ:ਪ੍ਰ: ਕਮੇਟੀ ਨੂੰ ਦਿਤੇ ਜਾਂਦੇ ਹਨ॥

--*-*-*-*-*-*-*

ਉਤਾਰਾ ਗੁਰਮਤਾ ਨੰ:੨੪੯੧, ਮਿਤੀ ੨੮-੩-੪੭, ਅੰਤ੍ਰਿੰਗ ਕਮੇਟੀ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਜੀ॥

ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਕਮੇਟੀ ਵਲੋਂ ਗੜ ਬੜ ਵਾਲੇ ਇਲਾਕਿਆਂ ਦੇ ਪਨਾਹਗੁਜ਼ੀਨਾਂ ਦੀ ਰਿਹਾਇਸ਼ ਤੇ ਆਰਜ਼ੀ ਰੀਲੀਫ ਦਾ ਪ੍ਰਬੰਧ ਕਰਨ ਸੰਬੰਧੀ ਪ੍ਰਧਾਨ ਸਾਹਿਬ ਸ਼੍ਰੋਮਣੀ ਕਮੇਟੀ ਨੂੰ ਅਧਿਕਾਰ ਦਿਤੇ ਜਾਂਦੇ ਹਨ॥

ਉਤਾਰਾ ਗੁਰਮਤਾ ਨੰ:੨੪੩੮ ਮਿਤੀ ੨੭-੩-੪੭, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਤ੍ਰਿੰਗ ਕਮੇਟੀ)

ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਕਮੇਟੀ ਨਲੂਛੀ ਜ਼ਿਲਾ ਮੁਜ਼ਫਰਾਬਾਦ ਨੂੰ ਮਾਸਟ੍ਰ ਤਾਰਾ ਸਿੰਘ ਜੀ ਰਾਹੀਂ ਸਿੰਘ ਸਭਾ ਜੇਹਲਮ ਵਲੋਂ ਹਜ਼ਾਰੇ ਦੇ ਸਿੰਘਾਂ ਦੀ ਸਹਾਇਤਾ ਦੀ ਘਲੀ ਗਈ ੧੦੦੦) ਇਕ ਹਜ਼ਾਰ ਰੁਪੈ ਦੀ ਰਕਮ ਹਜ਼ਾਰਾ ਰੀਲੀਫ ਫੰਡ ਵਿਚੋਂ ਸਹਾਇਤਾ ਵਜੋਂ ਦਿਤੀ ਸਮਝੀ ਜਾਵੇ, ਤੇ ਸਿੰਘ ਸਭਾ ਜਿਹਲਮ ਨੂੰ ਉਕਤ ਫੰਡ ਦੀ ਰਸੀਦ ਘਲ ਦਿਤੀ ਜਾਵੇ॥

-_-_-_-_-_-_-_-_-_-

ਉਤਾਰਾ ਗੁਰਮਤਾ ਨੰ: ੨੪੩੫ ਮਿਤੀ ੨੭-੩-੪੭ , ਅੰਤ੍ਰਿਗ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ। ਸ੍ਰੀਅੰਮ੍ਰਿਤਸਰ ਜੀ॥

ਪੇਸ਼ ਹੋਕੇ ਪ੍ਰਵਾਨ ਹੋਇਆ ਕਿ ਪਿਛਲੇ ਫਸਾਦ ਦੇ ਦਿਨਾਂ ਵਿਚ ਗੁਰਦੁਆਰਿਆਂ ਦੀ ਰਾਖੀ ਸਬੰਧੀ ਪ੍ਰਧਾਨ ਸਾਹਿਬ ਵਲੋਂ ਜੋ ਪ੍ਰਬੰਧ ਅੰਤ੍ਰਿਗ ਕਮੇਟੀ ਦੀ ਪ੍ਰਵਾਨਗੀ ਦੀ ਆਸ ਤੇ ਕੀਤੇ ਗਏ ਹਨ, ਉਨ੍ਹਾਂ ਤੇ ਹੋਰ ਲੋੜੀਂਦੇ ਸਾਰੇ ਖਰਚਾਂ ਦੀ ਪ੍ਰਵਾਨਗੀ ਦਿਤੀ ਜਾਂਦੀ ਹੈ ਤੇ ਅਗਾਂ ਲਈ ਵੀ ਲੋੜ ਅਨੁਸਾਰ ਉਚੇਚੇ ਪ੍ਰਬੰਧ ਕਰਨ ਤੇ ਉਨ੍ਹਾਂ ਤੇ ਲੋੜੀਂਦੇ ਹਰ ਤਰ੍ਹਾਂ ਦੇ ਖਰਚ ਕਰਨ ਦੇ ਉਨ੍ਹਾਂ ਨੂੰ ਪੂਰਨ ਅਖਤਿਆਰ ਦਿਤੇ ਜਾਂਦੇ ਹਨ॥

--*-*-*-*-*

ਬੋਹਾ ਖਾਲਸੇ ਦਾ ਹੱਲਾ

੯ ਮਾਰਚ ਨੂੰ ਮੁਸਲਮਾਨਾਂ ਦਾ ਹਜੂਮ ਆਇਆ। ਠੱਠੇ ਤੇ ਇਕੱਠੇ ਹੋ ਕੇ ਉਨ੍ਹਾਂ ਨੇ ਹੋਰ ਪਾਸਿਆਂ ਤੋਂ ਲੋਕ ਇਕੱਠੇ ਕੀਤੇ। ਮਜਮੇਂ ਨੇ ਪਹਿਲੇ ਸਰਦਾਰ ਜਬੰਦ ਸਿੰਘ ਜੀ ਦੀ ਮਸ਼ੀਨ ਤੇ ਹੋਰ ਕਈ ਥਾਂਵਾਂ ਨੂੰ ਅਗ ਲਗਾਈ। ਬੋਹੇ ਦੇ ਸਿੰਘ ਬਾਹਰ ਨਿਕਲੇ। ਤੇ ਮੁਕਾਬਲਾ ਹੋਇਆ। ਪ੍ਰਤਾਪ ਸਿੰਘ ਧੀਰ ਨੂੰ ਗੋਲੀ ਲਤ ਵਿਚ ਲਗੀ ਤੇ ਜ਼ਖਮੀ ਹੋ ਗਿਆ। ਉਹ ਅਜੇ ਹਸਪਤਾਲ ਵਿਚ ਹੀ ਹੈ। ਸਿੰਘਾਂ ਨੇ ਹਜੂਮ ਨੂੰ ਨਠਾ ਦਿਤਾ। ੧੦ ਤਾਰੀਖ ਨੂੰ ਬਾਰਾਂ ਵਜੇ ੧੦-੧੨ ਹਜ਼ਾਰ ਦਾ ਮਜਮਾ ਫਿਰ ਆਇਆ। ਸਿੱਖ ਤਿੰਨ ੨ ਮੋਰਚਿਆਂ ਤੇ ਸਨ। ਉਹ ਘਬਰਾ ਕੇ ਸੰਤ ਗੁਲਾਬ ਸਿੰਘ ਜੀ ਦੇ ਮਕਾਨ ਤੇ ਜਮਾ ਹੋ ਗਏ॥ ਜਿਨ੍ਹੇ ਮੁਸਲਮਾਨ ਆਏ ਉਨ੍ਹਾਂ ਪਾਸ ਟਾਮੀਗੰਨਾਂ, ਥ੍ਰੀ ਨਾਟ ਥ੍ਰੀ ਦੀਆਂ ਗਨਾਂ, ਮਿਟੀ ਦਾ ਤੇਲ, ਦੂਰਬੀਨਾਂ ਆਦਿਕ ਸਨ। ਠੱਠੇ ਤੋਂ ਫਾਇਰ ਕੀਤੇ ਗਏ॥ ਮਿਲਟ੍ਰੀ ਦੀ ਸ਼ਕਲ ਵਿਚ ਹਮਲੇ ਕਰਦੇ ਸਨ। "ਜਿਨਾਹ, ਜ਼ਿੰਦਾਬਾਦ", ਪਾਕਿਸਤਾਨ ਜ਼ਿੰਦਾਬਾਦ" ਕਹਿੰਦੇ ਸਨ। ਮਾਸਟ੍ਰ ਤਾਰਾ ਸਿੰਘ ਨੂੰ ਗਾਲਾਂ ਕਢਦੇ ਸਨ। ਸਿੱਖਾਂ ਪਾਸ ਮਾਮੂਲੀ ਬੰਦੂਕਾਂ ਸਨ। ਟਾਮੀ ਗਨਾਂ ਦੇ ਫਾਇਰ ਉਤੇ ਸਿੱਖਾਂ ਨੇ ਸੁਫੇਦ ਝੰਡਾ ਖੜਾ ਕੀਤਾ। ਮੁਸਲਮਾਨਾਂ ਨੇ ੧੦,੦੦੦) ਤੇ ਹਥਿਆਰ ਮੰਗੇ ਜੋ ਦਿਤੇ ਗਏ॥

ਲੀਡਰ:- ਲਾਲ ਖਾਨ ਝਪਵਾਣਾ, ਮੰਗਤਾ ਨੰਬਰਦਾਰ ਬੰਬਲੋਟ, ਬੋਸਤਾਂ ਬੋਹਾ ਖਾਲਸਾ, ਮੁਹੰਮਦ ਅਨਵਰ, ਹਸ਼ਮਤ ਅਲੀ, ਮਿਰਜ਼ਾ ਖਾਨ ਨੰਬਰਦਾਰ, ਅਲੀ ਬਹਾਦੁਰ, ਕਲੋਟ, ਮੁਹੰਮਦ ਸਾਦਕ ਤੇ ਮੁਹੰਮਦ ਅਕਬਰ ਪੁਤ੍ਰ ਮਖਣ ਤ੍ਰਖਾਣ ਬੋਹਾ ਖਾਲਸਾ, ਸ਼ਾਮਲ ਸਨ। ਇਲਾਕੇ ਦੇ ਆਦਮੀ ਤੇ ਪਠਾਨ ਭੀ ਸਨ॥

੧੧ ਤਾਰੀਖ ਸੁਲਾਹ ਤੇ ਗਲਬਾਤ ਕਰਦਿਆਂ ਲੰਘ ਗਈ॥ ਪਰ ਮੁਸਲਮਾਨ ਲੁਟਦੇ ਰਹੇ। ੧੨ ਤਾਰੀਖ ਨੂੰ ਸੰਤ ਗੁਲਾਬ ਸਿੰਘ ਜੀ ਦੇ ਮਕਾਨ ਤੇ ੧੨ ਵਜੇ ਘੇਰਾ ਪਾ ਲਿਆ, ਮਕਾਨ ਖਾਲੀ ਕਰਨ ਦਾ ਰੈਲਿੰਜ ਕੀਤਾ ਗਿਆ। ਕਿਉਂਕਿ ਉਥੇ ਸਾਰੇ ਪਿੰਡ ਦਾ ਸਾਮਾਨ ਜਮਾ ਸੀ। ਜਦੋਂ ਲੋਕੀ ਬਾਹਰ ਨਿਕਲਣ ਲਗੇ। ਤਾਂ ਉਨ੍ਹਾਂ ਦੀ ਤਲਾਸ਼ੀ ਲੈਣ ਲਗੇ। ਉਸ ਵਕਤ ਕੁਝ ਨੌਜਵਾਨਾਂ ਨੇ ਦੇਖਿਆ ਕਿ ਮੁਸਲ ਨੌਜਵਾਨ ਲੜਕੀਆਂ ਨੂੰ ਹਥ ਪਾਣ ਲਗੇ ਹਨ, ਤਾਂ ਉਨ੍ਹਾਂ ਵਿਚੋਂ ਸੰਤ ਰਾਜਾ ਸਿੰ ਸਰਦਾਰ ਅਵਤਾਰ ਸਿੰਘ, ਸਰਦਾਰ ਹਰਬੰਸ ਸਿੰਘ, ਸਰਦਾਰ ਪ੍ਰਤਾਪ ਸਿੰਘ ਤੇ ਬਾ ਨੌਜਵਾਨਾਂ ਨੇ ਅਪਣੀਆਂ ਭੈਣਾਂ ਤੇ ਲੜਕੀਆਂ ਨੂੰ ਆਪ ਖਤਮ ਕਰ ਦਿਤਾ। ਉਸ ਬਾਦ ਸੰਤ ਗੁਲਾਬ ਸਿੰਘ ਦੀ ਧਰਮ ਪਤਨੀ ਨੇ ਔਰਤਾਂ ਨੂੰ ਕਿਹਾ ਕੇ ਪਾਣੀ ਲੈਣ ਦੇ ਬਹਾਨੇ ਬਾਹਰ ਚਲੋ। ਜਦ ਜਲ ਹਾਰੀਆਂ ਲੰਘ ਪਾਰ ਦੁਖ ਭੰਜਨੀ ਸਾਈਡ ਤੇ ਯੁਵਰਾਜ ਸਿੰਘ ਦੇ ਬਾਗ ਦੇ ਪਾਸ ਮੁਸਲਮਾਨਾਂ ਨੇ ਘੇਰਾ ਪਾਇਆ ਤੇ ਉਨ੍ਹਾਂ ਨੂੰ ਇਸਲਾਮ ਕਬੂਰ ਕਰਨ ਲਈ, ਕਿਹਾ ਤੇ ਇਕ ਲਕੀਰ ਖਿਚ ਦਿਤੀ। ਤੇ ਕਿਹਾ ਗਿਆ ਕਿ ਤੁਹਾਡੇ ਆਦਮੀਆਂ ਨੂੰ ਮਾਰ ਦਿਤਾ ਗਿਆ ਹੈ। ਲਾਜਵੰਤੀ ਨੇ ਕਿਹਾ ਕਿ ਜਦ ਤੁਸੀ ਰੁਪਿਆ ਲੈ ਲਿਆ ਹੈ, ਫਿਰ ਕਿਉਂ ਮਾਰਦੇ ਹੋ? ਉਨ੍ਹਾਂ ਨੇ ਉਤਰ ਦਿਤਾ ਕਿ ਸਾਡਾ ਕੋਈ ਫੈਸਲਾ ਨਹੀਂ ਹੋਇਆ॥ ਅਸੀਂ ਤੁਹਾਨੂੰ ਮਾਰਨਾਂ ਹੈ। ਇ ਤਰੀਆਂ ਨੇ ਕਿਹਾ ਕਿ ਅਸੀਂ ਪਿਆਸੀਆਂ ਹਾਂ ਪਾਣੀ ਪੀਣ ਦਿਉ। ਇਸ ਪਰ ਸੰਤ ਗੁਲਾਬ ਸਿੰਘ ਦੇ ਖੂਹ ਪਰ ਗਈਆਂ। ਪਾਣੀ ਪੀਤਾ। ਮੁਸਲਮਾਨਾਂ ਨੇ ਛੂਰੇ

ਕਢਕੇ ਕਿਹਾ ਕਿ ਛੇਤੀ ਦਸੋ। ਤੁਸੀਂ ਇਸਲਾਮ ਕਬੂਲ ਕਰਦੀਆਂ ਹੋ ਕੇ ਨਹੀਂ? ਲਾਜਵੰਤੀ ਨੇ ਕਿਹਾ ਕਿ ਅਸੀ ਸਿੱਖਾਂ ਦੀਆਂ ਲੜਕੀਆਂ ਹਾਂ, ਅਸੀਂ ਇਸਲਾਮ ਕਬੂਲ ਨਹੀਂ ਕਰ ਸਕਦੀਆਂ। ਇਸ ਪਰ ਉਨ੍ਹਾਂ ਨੇ ਖੂਹ ਵਿਚ ਛਾਲਾਂ ਮਾਰੀਆਂ। ਇਹ ਸਾਕਾ ਸ਼ਾਮ ਦੇ ੩ ਬਜੇ ਦਾ ਹੈ। ਇਸ ਟੈਜਡੀ ਨਾਲ ਮੁਸਲਮਾਨ ਘਬਰਾ ਗਏ ਤੇ ਨਠ ਗਏ। ਕੁਲ ਖੂਹ ਵਿਚ ਛਾਲਾਂ ਮਾਰਨ ਵਾਲੀਆਂ ਮਾਈਆਂ ਬੀਬੀਆਂ ੯੩ ਸਨ। ਵਿਚ ਬਚੇ ਭੀ ਸ਼ਾਮਲ ਸਨ। ੯੨ ਦੀਆਂ ਮੌਤਾਂ ਹੋ ਗਈਆਂ। ਖੂਹ ਭਰ ਜਾਣ ਕਰਕੇ ੧੧ ਬਚ ਗਈਆਂ। ਸ਼ਹੀਦ ਹੋਈਆਂ ਸਿੰਘਣੀਆਂ ਦੇ ਕੁਛ ਕੁ ਨਾਂ ਇਹ ਹਨ॥

੧-ਲਾਜਵੰਤੀ ਸੁਪਤਨੀ ਸੰਤ ਗੁਲਾਬ ਸਿੰਘ

੨-ਭਾਗਵੰਤੀ " ਸ਼ ਦਾਮੋਦਰ ਸਿੰਘ ਜੀ

੩-ਰਾਜਕੌਰ (੭ਸਾਲ)ਸੁਪੁਤ੍ਰੀ ਸ਼ ਜਸਵੰਤ ਸਿੰਘ

੪-ਦਰਸ਼ਨ ਕੌਰ (੧੬ ਸਾਲ) ਵੀਰਾਂਵਾਲੀ (੧੨ ਸਾਲ) ਰਤਨ ਕੌਰ (੫ ਸਾਲ) ਸਰਦਾਰ ਵਰਿਆਮ ਸਿੰਘ ਦੀਆਂ ਲੜਕੀਆਂ ਸਨ॥

੫-ਗੁਰਦੀਪ ਕੌਰ (੧੪ ਸਾਲ) ਅਜੀਤ ਕੌਰ (੭ ਸਾਲ) ਗੁਰਚਰਨ ਕੌਰ (੫ ਸਾਲ) ਬੇਬੀ (੧ ਸਾਲ) ਇਹ ਸਰਦਾਰ ਹਰਬੰਸ ਸਿੰਘ ਜੀ ਦੀਆਂ ਲੜਕੀਆਂ ਸਨ।

੬-ਭੋਪੀ ਦੇਵੀ, ਮਾਤਾ ਸਰਦਾਰ ਅਵਤਾਰ ਸਿੰਘ ਤੇ ਅਮਰ ਸਿੰਘ ਠੇਕੇਦਾਰ।

੭-ਮਹਿੰਦਰ ਕੌਰ (੩੦ ਸਾਲ) ਸੁਪਤਨੀ ਸਰਦਾਰ ਮੋਹਨ ਸਿੰਘ।

੮-ਬਲਵੰਤ ਸਿੰਘ (੧੦ ਸਾਲ) ਦੂਸਰਾ ਬਚਾ (੫ ਸਾਲ) ਇਹ ਸਰਦਾਰ ਅਜਾਇਬ ਸਿੰਘ ਦੇ ਸੁਪੁਤ੍ਰ ਸਨ॥

੯-ਤਾਜਿੰਦਰ ਕੌਰ (੮ ਸਾਲ) ਸੁਪੁਤ੍ਰੀ ਸਰਦਾਰ ਜਸਬੀਰ ਸਿੰਘ।

੧੦-ਬੰਤੀ (੬੦ ਸਾਲ) ਸੁਪੁਤਨੀ ਸਰਦਾਰ ਤਾਰਾ ਸਿੰਘ।

੧੧-ਗੁਰਚਰਨ ਸਿੰਘ (੧੦ ਸਾਲ)

੧੨-ਹਰਨਾਮ ਕੌਰ ਸੁਪਤਨੀ ਸਰਦਾਰ ਜੋਧ ਸਿੰਘ। ਦੋ ਲੜਕੀਆਂ ਤੇ ਇਕ ਲੜਕਾ ਮਾਰੇ ਗਏ॥

੧੩-ਠਾਕਰੀ (੪੦ ਸਾਲ) ਸੁਪਤਨੀ ਸਰਦਾਰ ਆਤਮਾ ਸਿੰਘ ਸਿਆਲੀ।

੧੪-ਈਸ਼ਰੀ ਸੁਪਤਨੀ ਕਰਤਾਰ ਸਿੰਘ ਸਿਆਲੀ। ਦੋ ਬਚੇ ਵੀ ਮਾਰੇ ਗਏ॥

੧੫-ਮੋਹਣੀ ਸੁਪੁਤ੍ਰੀ ਸਰਦਾਰ ਆਤਮਾ ਸਿੰਘ ਬਚ ਗਈ॥

੧੬-ਗੁਰਚਰਨ ਕੌਰ ਸੁਪੁਤ੍ਰੀ ਗਣੇਸ਼ਾ ਸਿੰਘ। ਇਕ ਲੜਕਾ ਗੁਰਚਰਨ ਕੌਰ ਦਾ।

੧੭-ਨਰਿੰਦਰ ਕੌਰ ਸੁਪੁਤਨੀ ਸਰਦਾਰ ਨਾਨਕ ਸਿੰਘ ਤੇ ਪੁਤ੍ਰੀ ਸਰਦਾਰ ਗਣੇਸ਼ਾ ਸਿੰਘ । ਇਕ ਲੜਕਾ ਨਰਿੰਦਰ ਕੌਰ ਦਾ ਭੀ ਮਾਰਿਆ ਗਿਆ॥

੧੨ ਤਾਰੀਖ ਰਾਤ ਨੂੰ ਸਰਦਾਰ ਸੁਜਾਨ ਸਿੰਘ ਦੀ ਹਵੇਲੀ ਵਿਚ ਸਿੰਘ ਇਕੱਠੇ ਹੋਏ। ਮੁਸਲਮਾਨਾਂ ਨੇ ਉਨ੍ਹਾਂ ਨੂੰ ਫੇਰ ਘੇਰਿਆ ਤੇ ਇਸਲਾਮ ਕਬੂਲ ਕਰਨ ਲਈ ਕਿਹਾ। ਸਿੰਘਾਂ ਨੇ ਕਿਹਾ ਕਿ ਅਸੀਂ ਤੁਹਾਡੀ ਹਿਰਾਸਤ ਵਿਚ ਹਾਂ, ਸਵੇਰੇ ਦਸਾਂਗੇ।

੧੩ ਤਾਰੀਖ ਸਵੇਰੇ ਮਿਲਟ੍ਰੀ ਆ ਗਈ। ਜਿਸ ਕਰਕੇ ਸਿੱਖ ਬਚ ਗਏ। ਪੋਲੀਸ ੨-੪-੪੭ ਨਹੀਂ ਪਹੁੰਚੀ॥ ਅਜੇ ਤਕ ਲਾਸ਼ਾਂ ਖੂਹ ਵਿਚ ਪਈਆਂ ਹਨ।

ਥੋਹਾ ਖਾਲਸਾ ਰਾਵਲਪਿੰਡੀ ਤੋਂ ੨੯ ਮੀਲ ਹੈ। ਰਵਾਤ ਕੈਂਪ ਮਿਲਟ੍ਰੀ ਦਾ ੧੨ ਮੀਲ ਹੈ ਤੇ ਥੋਹਾ ਖਾਲਸਾ ਸਾੜ ਦਿਤਾ ਗਿਆ॥

ਹਵਾਲਦਾਰ ਖਜ਼ਾਨ ਸਿੰਘ ਜੀ ਨੂੰ ਛੁਰੀ ਨਾਲ ਜ਼ਬਾਹ ਕੀਤਾ ਗਿਆ॥

ਦੋ ਤਿੰਨ ਗੁਰਦਵਾਰੇ ਸਾੜ ਦਿਤੇ ਗਏ॥

ਡੇਰਾ ਸੰਤ ਨਿਹਾਲ ਸਿੰਘ ਜੀ ਦੁਖ ਭੰਜਨੀ ਸਾੜ ਦਿਤਾ ਗਿਆ॥

ਗਿਆਨੀ ਪ੍ਰਤਾਪ ਸਿੰਘ ਜੀ, ਜ:ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਰੀਪੋਰਟ॥

****

ਬੇਨਤੀ ਹੈ ਕਿ ਮੈਂ ਆਪ ਦੀ ਆਗਿਆ ਅਨੁਸਾਰ ੨੭-੩-੪੭ ਨੂੰ ਪੋਠੋਹਾਰ ਤੇ ,ਸੈਆ ਵਿਚ ਹੋਏ ਫ਼ਸਾਦਾਂ ਦੇ ਸਰਨਾਗਤਾਂ ਸੰਬੰਧੀ ਪੜਤਾਲ ਕਰਨ ਲਈ ਗਿਆ ਸੀ। ਦੌਰੇ ਦੀ ਰੀਪੋਰਟ ਹੇਠ ਲਿਖੇ ਅਨੁਸਾਰ ਹੈ:-

੨੭ ਮਾਰਚ ਨੂੰ ਮੈਂ ਜੇਹਲਮ ਪੁਜਾ। ਉਥੇ ਭਾਈ ਸਰਦਾਰ ਸਿੰਘ ਜੀ, ਪ੍ਰਧਾਨ ਗੁ: ਕਮੇਟੀ ਨੂੰ ਮਿਲਿਆ। ਤਿੰਨ ਵਜੇ ਰੀਲੀਫ ਕਮੇਟੀ ਦੇ ਪ੍ਰਧਾਨ ਰਾਏ ਬਹਾਦਰ ਕੁੰਦਨ ਲਾਲ ਤੇ ਭਾਈ ਸਰਦਾਰ ਸਿੰਘ ਜੀ ਨਾਲ ਮੋਟਰ ਵਿਚ ਕਾਲੇ ਕੈਂਪ ਵਿਚ ਪੁਜਾ। ਇਹ ਕੈਂਪ ਜੇਹਲਮ ਤੋਂ ਅੱਠ ਮੀਲ ਦੇ ਫਾਸਲੇ ਤੇ ਹੈ।

ਇਸ ਵਕਤ ਕਾਲੇ ਕੈਂਪ ਵਿਚ ੪੦੦੦ ਸ਼ਰਨਾਗਤ ਹਨ। ਵਧੇਰੇ ਜ਼ਿਲਾ ਰਾਵਲਪਿੰਡੀ ਤੇ ਕੁਝ ਜਹਿਲਮ ਦੇ ਹਨ। ਲੰਗਰ ਦਾ ਪ੍ਰਬੰਧ ਬਹੁਤ ਚੰਗਾ ਹੈ। ਭਾਈ ਹਰਨਾਮ ਸਿੰਘ ਜੀ ਜਹਿਲਮ ਲੰਗਰ ਦੇ ਇਨਚਾਰਜ ਹਨ।

ਰੀਲੀਫ ਕਮੇਟੀ ਦਾ ਦਫ਼ਤ੍ਰ ਜਹਿਲਮ ਸ਼ਹਿਰ ਵਿਚ ਹੈ, ਰਾਏ ਬਹਾਦਰ ਕੁੰਦਨ ਲਾਲ, ਲਾਲਾ ਅਮਰ ਨਾਥ ਸੈਣੀ, ਭਾਈ ਸਰਦਾਰ ਸਿੰਘ, ਸ੍ਰਦਾਰ ਹਰਨਾਮ ਸਿੰਘ, ਮਹਿਤਾ ਅਵਤਾਰ ਨਾਰਾਇਣ ਮੁਖੀ ਹਨ। ਰਾਸ਼ਟਰ ਸੰਗ, ਕਾਂਗ੍ਰਸ ਤੇ ਸਿੰਘ ਸਭਾ ਦੇ ੫੦ ਵਾਲੰਟੀਅਰ ਕੈਂਪ ਵਿਚ ਸੇਵਾ ਕਰਦੇ ਹਨ।

ਤਸੀਲਦਾਰ, ਨਾਇਬ ਤਸੀਲਦਾਰ, ਮਾਲ ਅਫ਼ਸਰ ਤੇ ਸਰਦਾਰ ਬਲਵੰਤ ਸਿੰਘ ਜੀ ਡਿਪਟੀ ਕਮਿਸ਼ਨਰ ਸ਼ਰਨਾਗਤਾਂ ਦੀ ਦੇਖ ਭਾਲ ਕਰਦੇ ਰਹੇ ਹਨ।

ਦੋ ਹਸਪਤਾਲ ਹਨ। ਇਕ ਮਿਲਟ੍ਰੀ ਦਾ ਦੂਸਰਾ ਲੋਕਾਂ ਵਲੋਂ। ਸ੍ਰਕਾਰੀ ਦੇ ਇਨਚਾਰਜ ਇਕ ਸਿੰਘ ਹਨ। ਦੂਸਰੇ ਦੇ ਡਾਕਟ੍ਰ ਭੀਮ ਸੈਨ, ਬਾਹਰੋਂ ਮੈਡੀਕਲ ਕਾਲਜਾਂ ਦੇ ਵਿਦਿਆਰਥੀ ਵੀ ਸੇਵਾ ਕਰਦੇ ਹਨ।

ਕਾਲਾ ਕੈਂਪ ਦੀਆਂ ੧੪ ਬਾਰਕਾਂ ਹਨ। ਗਵਰਨਮੈਂਟ ਦੀ ਤਜਵੀਜ਼ ਇਸ ਨੂੰ ਹੋਰ ਵਡਿਆਂ ਕਰਨ ਦੀ ਹੈ। ਕੋਈ ੨੦,੦੦੦ ਸ਼ਰਨਾਗਤ ਰਖਣ ਦਾ ਖਿਆਲ ਹੈ। ਹੁਣ ਜਿਥੇ ਕੈਂਪ ਲਿਜਾਣਾ ਚਾਹੁੰਦੇ ਹਨ, ਉਸ ਦੇ ਨਾਲ ਮੁਸਲਮਾਨਾਂ ਦੇ ਪਿੰਡ ਹਨ। ਇਸ ਲਈ ਖ਼ਤਰਾ ਹੈ। ਇਸ ਸੰਬਧ ਵਿਚ ਪੰਜਾਬ ਸਰਕਾਰ, ਮਿਸਟ੍ਰ ਲੈਂਡਰਸਨ ਕਮਿਸ਼ਨਰ ਨੂੰ ਲਿਖਣ ਦੀ ਲੋੜ ਹੈ। ਕਿ ਉਹ ਕੈਂਪ ਦੀ ਰਖਿਆ ਲਈ ਜਦ ਤਕ ਕੈਂਪ ਬਦਲਿਆ ਨਾਂ ਜਾਵੇ, ਪ੍ਰਬੰਧ ਕਰਨ॥

ਜਦ ਤਕ ਲੁਟ ਮਾਰ ਤੇ ਕਤਲੇਆਮ ਦੇ ਕੇਸ ਮੁਕੰਮਲ ਨ ਹੋ ਜਾਣ, ਤਦ ਤੀਕ ਲੋਕਾਂ ਦਾ ਕੈਂਪ ਵਿਚ ਰਹਿਣਾ ਜ਼ਰੂਰੀ ਹੈ। ਉਸ ਤੋਂ ਉਪ੍ਰੰਤ ਜੋ ਕੋਈ ਬਦਲੀ ਕਰਨਾ ਚਾਹੇ ਤਾਂ ਉਸ ਦਾ ਪ੍ਰਬੰਧ ਕੀਤਾ ਜਾਵੇ॥

ਕਾਲਾ ਕੈਂਪ ਲਈ ਇਕ ਸਜਣ ਲਾਇਆ ਜਾਵੇ, ਜੋ ਸਾਰੇ ਸਾਕੇ ਦੀ ਰੀਪੋਰਟ ਤਿਆਰ ਕਰੇ॥

ਕੈਂਪ ਵਿਚ ਗੁਰਬਾਣੀ ਦੇ ਗੁਟਕਿਆਂ, ਇਤਹਾਸਕ ਪੁਸਤਕਾਂ, ਕਛਹਰੇ, ਤੇ ਕੁਝ ਸਟੇਸ਼ਨਰੀ ਦੀ ਲੋੜ ਹੈ। ਇਹ ਛੇਤੀ ਪੂਰੀ ਹੋਣੀ ਚਾਹੀਦੀ ਹੈ।

੨੮ ਮਾਰਚ ਮੈਂ ਤੇ ਭਾਈ ਸਰਦਾਰ ਸਿੰਘ ਜੀ, ਸਰਦਾਰ ਬਲਵੰਤ ਸਿੰਘ ਜੀ ਡਿਪਟੀ ਕਮਿਸ਼ਨਰ ਜਹਿਲਮ ਨੂੰ ਮਿਲੇ। ਉਨ੍ਹਾਂ ਨਾਲ ਸਾਰੇ ਜ਼ਿਲੇ ਦੇ ਹਾਲਾਤ

ਬਾਰੇ ਗਲ ਕੀਤੀ। ਉਨ੍ਹਾਂ ਨੇ ਦਸਿਆ ਕਿ ਜਹਿਲਮ ਦੇ ਪਿੰਡਾਂ ਜਿਨ੍ਹਾਂ ਦੀ ਤਾਦਾਦ ੩੨ ਹੈ, ਹਲਾ ਗੁਲਾ ਹੋਇਆ। ਪਿੰਡ ਘੁਘ ਦਾ ਖਾਸ ਨੁਕਸਾਨ ਹੋਇਆ। ੧੭੮ ਲਾਸ਼ਾਂ ਉਥੋਂ ਪੋਲੀਸ ਨੇ ਕਢੀਆਂ। ਛੇ ਸਤ ਸੌ ਦੋਸ਼ੀ ਗ੍ਰਿਫਤਾਰ ਕੀਤੇ ਗਏ। ਇਨ੍ਹਾਂ ਵਿਚੋਂ ਕਈ ਹੋਰ ਜ਼ਿਲਿਆਂ ਦੇ ਭੀ ਹਨ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਹੁਣ ਅਮਨ ਅਮਾਨ ਹੈ। ਅਗੋਂ ਕੋਈ ਘਟਨਾਂ ਹੋਣ ਦੀ ਸੰਭਾਵਣਾ ਨਹੀਂ।

ਪਤਾ ਲਗਾ ਹੈ ਕਿ ਮੁਸਲਿਮ ਲੀਗੀਆਂ ਦੀ ਕੋਸ਼ਿਸ਼ ਨਾਲ ਸਿੱਖ ਡਿਪਟੀ ਕਮਿਸ਼ਨਰ ਬਦਲ ਦਿਤਾ ਗਿਆ ਹੈ। ਉਸ ਦੀ ਥਾਂ ਇਕ ਮੁਸਲਮਾਨ ਲਾਇਆ ਗਿਆ ਹੈ। ਮੁਸਲਿਮ ਲੀਗੀ ਫ਼ਸਾਦ ਦੇ ਆਗੂਆਂ ਨੂੰ ਬਚਾਉਣ ਦੇ ਖਾਸ ਯਤਨ ਕਰ ਰਹੇ ਹਨ॥

ਜ਼ਿਲਾ ਜਹਿਲਮ ਦੇ ਪਿੰਡਾਂ ਵਿਚ ਜਿਥੇ ਸਿੱਖ ਤੇ ਹਿੰਦੂ ਘਟ ਗਿਣਤੀ ਵਿਚ ਹਨ, ਸਖਤ ਬੇ-ਚੈਣੀ ਤੇ ਘਬਰਾਹਟ ਹੈ। ਲੋਕੀ ਘਰ ਬਾਰ ਛਡ ਕੇ ਨਿਕਲ ਰਹੇ ਹਨ॥

੨੮ ਮਾਰਚ ਨੂੰ ਮੈਂ ਗੁਜਰਖਾਨ ਪੁਜਾ। ਗੁਜਰਖਾਨ ਵਿਚ ਕੋਈ ਇਸ ਵਕਤ ਦੋ ਹਜ਼ਾਰ (੨,੦੦੦) ਸ਼ਰਨਾਗਤ ਹਨ। ਸਿੰਘ ਸਭਾ ਵਲੋਂ ਲੰਗਰ ਤੇ ਕਪੜਿਆਂ ਦਾ ਬੰਦੋਬਸਤ ਹੈ। ਬ੍ਰਬਾਦ ਹੋਏ ਪਿੰਡਾਂ ਵਿਚ ਜਾਨੀ ਤੇ ਮਾਲੀ ਨੁਕਸਾਨ ਦੀ ਫਹਿਰਿਸਤ ਸਿੰਘ ਸਭਾ ਦੇ ਦਫਤ੍ਰ ਵਿਚ ਹੈ। ਮੁਕਦਮਿਆਂ ਦੀ ਪੂਰੀ ਤਿਆਰੀ ਕੀਤੀ ਜਾ ਰਹੀ ਹੈ। ਸ੍ਰੀ ਗੁਰੂ ਸਿੰਘ ਸਭਾ ਨੂੰ ਲਿਖ ਕੇ ਸ਼ਰਨਾਗਤਾਂ ਦੀ ਫਹਿਰਿਸਤ, ਪਿੰਡਾਂ ਵਿਚ ਹੋਈ ਤਬਾਹੀ ਦੀ ਮੁਕੰਮਿਲ ਰੀਪੋਰਟ ਇਸ ਦਫਤ੍ਰ ਵਿਚ ਮੰਗਵਾ ਰਖੀ ਜਾਵੇ॥

ਗੁਜਰਖਾਨ ਨੂੰ ਬਚਾਣ ਹਿਤ ਸਰਦਾਰ ਗੁਰਬਖ਼ਸ਼ ਸਿੰਘ ਜੀ ਸਬ-ਜਜ ਨੇ ਖਾਸ ਯਤਨ ਕੀਤਾ ਹੈ। ਸਿੰਘਾਂ ਨੇ ਭੀ ਬੜੀ ਸਿਆਣਪ ਤੇ ਦਲੇਰੀ ਦਿਖਾਈ ਹੈ। ਹੁਣ ਤੀਕ ਲੰਗਰ ਆਦਿ ਤੇ ੨੬,੦੦੦) ਖਰਚ ਆ ਚੁਕਾ ਹੈ। ਜਿਸ ਵਿਚੋਂ ਰਾਸ਼ਨ ਦਾ ਖਰਚ ਸਰਕਾਰ ਨੇ ਦੇਣਾ ਮੰਨ ਲਿਆ ਹੈ। ਸਿੰਘ ਸਭਾ ਦੇ ਮੁਖੀ ਬਹੁਤ ਚੰਗੀ ਸੇਵਾ ਕਰ ਰਹੇ ਹਨ॥

ਗੁਜਰਖਾਨ ਦੇ ਲੋਕੀ ਅਜੇ ਭੈ-ਭੀਤ ਹਨ। ਗੋਰਖਾ ਮਿਲਟ੍ਰੀ ਤੇ ਕਰਫੀਊ ਲਗਾ ਹੋਇਆ ਹੈ॥

ਭਵਿਆਲ

੨੯ ਮਾਰਚ ਨੂੰ ਭਵਿਆਲ ਪੁਜਾ। ਸਭ ਤੋਂ ਪਹਿਲਾਂ ਸੜਿਆ ਹੋਇਆ ਇਲਾਕਾ ਵੇਖਿਆ। ਭਵਿਆਲ ਤਿੰਨ ਹਿਸੇ ਸੜ ਗਿਆ ਹੈ। ਇਕ ਹਿਸਾ ਬਾਕੀ ਹੈ। ਮਾਲੀ ਨੁਕਸਾਨ ਬਹੁਤ ਹੀ ਹੋਇਆ ਹੈ। ਭਵਿਆਲ ਸੰਬੰਧੀ ਕੁਝ ਜ਼ਰੂਰੀ ਗਲਾਂ ਇਸ ਪ੍ਰਕਾਰ ਹਨ:-

੧੨ ਮਾਰਚ ਨੂੰ ਦਿਨ ਦੇ ਬਾਰ੍ਹਾਂ ਵਜੇ ਮੁਸਲਮਾਨਾਂ ਦੇ ਭਾਰੀ ਹਜੂਮ ਨੇ ਹਮਲਾ ਕੀਤਾ। ਜਿਸ ਨੂੰ ਸਿੰਘਾਂ ਨੇ ਡਟ ਕੇ ਰੋਕਿਆ। ਸਰਦਾਰ ਇਕਬਾਲ ਸਿੰਘ ਜੀ ਸਬ-ਇਨਸਪੈਕਟ੍ਰ ਪੋਲੀਸ ਨੇ ਸਿੰਘਾਂ ਨੂੰ ਬਚਾਣ ਦਾ ਕਾਫੀ ਯਤਨ ਕੀਤਾ।

੧੩ ਮਾਰਚ ਨੂੰ ਸ੍ਰੀ ਕੰਵਲ ਭਾਨ ਐਸ: ਡੀ: ਓ ਢਵਿਆਲ ਪੁਜੇ। ਉਨ੍ਹਾਂ ਦੇ ਨਾਲ ਮੁਸਲਿਮ ਲੀਗੀ ਤੇ ਅਮਨ ਕਮੇਟੀ ਦੇ ਮੁਖੀ ਭੀ ਸਨ। ਕਾਜ਼ੀ ਗੁਲਾਮ ਮੁਹੰਮਦ ਵਕੀਲ ਚਕਵਾਲ, ਅਬਾਸ ਆਦਿ ਮੁਖੀ ਹਜੂਮ ਪਾਸ ਗਏ ਤੇ ਅਮਨ ਕਾਇਮ ਰਖਣ ਲਈਕਹਿਣ ਲਗੇ। ਇਤਨੇ ਵਿਚ ਕੁਝ ਫੌਜੀ ਲਾਰੀਆਂ ਆ ਗਈਆਂ। ਜਿਨ੍ਹਾਂ ਵਿਚ ਗੋਰਖੇ ਸਨ। ਮਿਸਟ੍ਰ ਕੰਵਲ ਭਾਨ ਅਮਨ ਕਰਾ ਕੇ ਚਲੇ ਗਏ। ਪਿਛੇ ਇਨਚਾਰਜ ਮਿਸਟ੍ਰ ਅਸਗਰ ਅਲੀ ਐਸਿਸਟੈਂਟ ਐਸ: ਡੀ: ਓ ਸਨ, ਉਨ੍ਹਾਂ ਨੇ ਭੀ ਸਿੰਘਾਂ ਨੂੰ ਭਰੋਸਾ ਦਿਵਾਇਆ॥ ਉਸਨੇ ਗੋਰਖਿਆਂ ਦੀਆਂ ਲਾਰੀਆਂ ਵਾਪਸ ਭਿਜਵਾ ਦਿਤੀਆਂ॥

੧੩ ਤਾਰੀਖ ੬-੭ ਵਜੇ ਸ਼ਾਮ ਨੂੰ ਮੁਸਲ ਹਜੂਮ ਨਗਰ ਵਿਚ ਦਾਖਲ ਹੋਇਆ। ਉਸ ਨੇ ਲੁਟ ਮਾਰ ਤੇ ਅਗਾਂ ਲਗਾਣੀਆਂ ਸ਼ੁਰੂ ਕਰ ਦਿਤੀਆਂ॥ ਸਿੰਘ ਸੀ: ਐਸ: ਓ ਦੇ ਕਹਿਣ ਪੁਰ ਸੰਤ ਪੁਰੇ ਇਕੱਠੇ ਹੋ ਗਏ। ਮੁਸਲਮਾਨ ਨਗਰ ਨੂੰ ਲੁਟਦੇ ਤੇ ਸਾੜਦੇ ਰਹੇ। ਪਰ ਪੋਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ। ਸੀ: ਐਸ: ਓ ਮੁਸਲਿਮ ਲੀਗੀ ਲੀਡਰ ਮੁਜ਼ਫਰ ਖਾਂ ਦੇ ਘਰ ਚਾਹ ਪੀਂਦਾ ਰਿਹਾ। ਉਸਦਾ ਕਹਿਣਾ ਹੈ ਕਿ ੧੦੦੦ ਰੌਂਦ ਚਲਾਇਆ ਗਿਆ ਹੈ, ਪਰ ਮਰਿਆ ਤੇ ਜ਼ਖਮੀ ਕੋਈ ਨਹੀਂ ਹੋਇਆ॥

੧੩ ਤਾਰੀਖ ਰਾਤ ਦੇ ੧੧ ਵਜੇ ਮੇਜਰ ਕਰਤਾਰ ਸਿੰਘ ਤੇ ਰਾਇਟ ਸਾਹਿਬ ਪੁਜੇ। ਉਨ੍ਹਾਂ ਦੇ ਨਾਲ ਮਿਲਟ੍ਰੀ ਸੀ। ਜਿਸ ਕਰਕੇ ਕੁਝ ਬਚਾ ਹੋ ਗਿਆ।

ਢਵਿਆਲ ਦੇ ਵਿਚ ਬਹੁਤ ਭਾਰੀ ਗਿਣਤੀ ਦੇ ਮਕਾਨ, ੪ ਗੁਰਦਵਾਰੇ ਈਰਾਨ ਹਿੰਦ ਬੈਂਕ, ਤੇ ਖਾਲਸਾ ਹਾਈ ਸਕੂਲ ਆਦਿ ਖਾਸ ਥਾਂਵਾਂ ਸੜੀਆਂ ਹਨ। ੮/੯ ਸਿੰਘ ਮਾਰੇ ਗਏ ਹਨ। ਦੋ ਮਾਈਆਂ ਦਾ ਸੰਸਕਾਰ ਇਕ ਮਕਾਨ ਵਿਚ ਕੀਤਾ ਗਿਆ ਹੈ। ਉਹ ਮੈਂ ਅਖੀਂ ਵੇਖਿਆ॥

ਇਸ ਵਕਤ ਢਵਿਆਲ ਦੇ ਇਲਾਕੇ ਵਿਚ ਉਜੜੇ ਹੋਏ ਪਿੰਡਾਂ ਵਿਚੋਂ ਕੋਈ ੨,੦੦੦ ਸ਼ਰਨਾਗਤ ਹਨ। ਇਨ੍ਹਾਂ ਦੇ ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਸੰਤ ਪੁਰੇ ਵਿਖੇ ਹੈ॥ ਮੰਗਲਾਲ, ਸਤੀਵਾਲ, ਬਲਕਸਰ, ਨਾਰੰਗ, ਤੁਰਕਵਾਲ, ਪੰਜਗਰਾਈਂ, ਟਾਵੀ, ਸੋਰਸੀਆ, ਭੀ, ਹਸੋਲਾ, ਢੋਡਾ, ਚਕ, ਮਲੂਕ, ਮਿਣਵਾ, ਤੇ ਆਦਿਕ ਪਿੰਡਾਂ ਦੇ ਹਿੰਦੂ ਸਿੱਖ ਢਵਿਆਲ ਵਿਚ ਰਹਿੰਦੇ ਹਨ॥

ਲੰਗਰ ਦਾ ਪ੍ਰਬੰਧ ਚੰਗਾ ਹੈ। ਸਿੰਡੀਕੇਟੀ ਵਿਚੋਂ ਅਨਾਜ ਖਰਚ ਕਰਦੇ ਹਨ। ਪਤਾ ਲਗਾ ਹੈ ਕਿ ੧੪੦੦ ਬੋਰੀ ਕਣਕ ਢਵਿਆਲ ਦੇ ਪੀੜਤਾਂ ਲਈ ਮਨਜ਼ੂਰ ਹੋਈ ਹੈ। ਮੈਨੂੰ ਦਸਿਆਂ ਗਿਆ ਹੈ ਕਿ ਇਸ ਹਾਲਤ ਵਿਚ ਭੀ ਕੋਈ ਆਦਮੀਬਾਂ ਮਾਰਕੀਟ ਕਰਨਾ ਚਾਹੁੰਦੇ ਹਨ। ਇਸ ਨੂੰ ਚੈਕ ਕਰਨ ਦੀ ਲੋੜ ਹੈ॥

ਢਵਿਆਲ ਦੇ ਗੁਰਦਵਾਰੇ ਵਿਚ ਇਕ ਭਾਰੀ ਇਕੱਠ ਹੋਇਆ। ਜਿਸ ਵਿਚ ਮੈਂ ਲੋਕਾਂ ਨੂੰ ਧੀਰਜ ਦਿਤਾ। ਕਿ ਉਹ ਕੇਸ ਮੁਕੰਮਲ ਕਰ ਲੈਣ, ਫਿਰ ਜਾਣ ਆਉਣ ਦਾ ਪ੍ਰਬੰਧ ਕਰਨਾ। ਲੋਕਾਂ ਵਿਚ ਬੇਚੈਨੀ ਤੇ ਘਬਰਾਹਟ ਬੜੀ ਹੈ। ਕਈ ਘਰ ਛਡ ਕੇ ਨਿਕਲ ਰਹੇ ਹਨ॥

ਇਕ ਵਕੀਲ ਦੀ ਸ਼ੀਘਰ ਲੋੜ ਹੈ। ਜੋ ਜਥੇਬੰਦੀ ਪਕਿਆਂ ਕਰਵਾਏ। ਇਕ ਕਮੇਟੀ ਬਣਾਈ ਜਾਵੇ। ਜਿਸ ਨਾਲ ਗਲ ਬਾਤ, ਚਿਠੀ ਪੱਤਰ ਕੀਤੀ ਜਾਵੇ।

ਕੈਂਪ ਪਕਾ ਕੀਤਾ ਜਾਵੇ। ਤਾਂ ਲੋਕੀ ਕੁਝ ਸਮੇ ਲਈ ਦਿਲ ਧਰ ਸਕਦੇ ਹਨ। ਸ਼ਸਤਰਾਂ ਦੇ ਲਾਇਸੈਂਸ ਦਿਤੇ ਜਾਣ॥

ਸਰ ਫਿਰੋਜ਼ ਖਾਂਨ ਨੇ ਵਪਾਰ ਲਈ ਇਕ ਸਿੰਡੀਕੇਟ ਬਣਾਈ ਹੈ ਜੋ ਵਪਾਰ ਵਿਚ ਸਿੱਖਾਂ ਦਾ ਟਾਕਰਾ ਕਰੇਗੀ। ਮੁਸਲਿਮ ਲੀਗੀ ਮੁਖੀ ਦੋਸ਼ੀਆਂ ਨੂੰ ਬਚਾਉਣ ਦਾ ਪੂਰਾ २ ਜ਼ੋਰ ਲਾ ਰਹੇ ਹਨ।

ਕਈ ਥਾਂਈਂ ਮੁਸਲਮਾਨ ਅਫਸਰ ਤਫਤੀਸ਼ ਤੇ ਗਏ ਹੋਏ ਹਨ॥ ਲੋਕੀਂ ਉਨ੍ਹਾਂ ਉਤੇ ਇਤਬਾਰ ਨਹੀਂ ਕਰਦੇ। ਤੇ ਰੀਪੋਰਟਾਂ ਨਹੀਂ ਲਿਖਵਾਂਦੇ॥

ਭੁਚਿਆਲ ਦੇ ਇਲਾਕੇ ਵਿਚ ਹੁਣ ਤੀਕ ੬੦ ਗ੍ਰਿਫਤਾਰੀਆਂ ਹੋਈਆਂ ਹਨ। ਗ੍ਰਿਫਤਾਰੀਆਂ ਦੀ ਰਿਫਤਾਰ ਬਹੁਤ ਮਧਮ ਹੈ।

ਦਾਸ,

(ਸਹੀ) ਪ੍ਰਤਾਪ ਸਿੰਘ (ਗਿਆਨੀ)

ਮੀਤ ਜਥੇਦਾਰ

ਸ੍ਰੀ ਅਕਾਲ ਤਖਤ ਸਾਹਿਬ,

ਮਿਤੀ २-੪-੪੭

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ।

ਸ੍ਰੀਮਾਨ ਗਿਆਨੀ ਪ੍ਰਤਾਪ ਸਿੰਘ ਜੀ,

ਬੇਨਤੀ ਹੈ ਕਿ ੨੨-੮-੪੭ ਨੂੰ ਪਿੰਡ ਫੋਲਣ ਥਾਨਾਂ ਖੁਡੀਆਂ ਤਹਿਸੀਲ ਚੂਨੀਆਂ ਜ਼ਿਲਾ ਲਾਹੌਰ ਤੂਤੇ ਜੌੜਾਂ ਹੈਡ ਤਹਿਸੀਲ ਕਸੂਰ ਵਿਖੇ ਪਿੰਡ ਜੌੜਾਂ ਭੂਰਕੇ ਨਈਏ ਕੇ ਮਮਣਵਾਲਾ, ਬੁਰਜ ਨਾਮਦਾਰ ਫਤਹਪੁਰ ਮਿਆਂਵਾਲਾ ਤੇ ਹੋਰ ਲਾਗੇ ਦੇ ਚਾਰ ਪੰਜ ਪਿੰਡ ਹਨ। ਇਹਨਾਂ ਹਮਲਾ ਕਰ ਦਿਤਾ ਸੀ। ਤੇ ਕੁਛ ਆਦਮੀ ਮੁਸਲਮਾਨ ਮਿਲਟ੍ਰੀ ਨੇ ਪਿੰਡ ਫੋਲਣ ਦੇ ਮਾਰ ਦਿਤੇ ਸਨ। ਤੇ ਕੋਈ ਦਾਲੀ ਦੇ ਕਰੀਬ ਔਰਤਾਂ ਤੇ ਲੜਕੀਆਂ ਇਨ੍ਹਾਂ ਪਿੰਡਾਂ ਵਾਲੇ ਲੈ ਗਏ ਸਨ। ਤੇ ਦਾਸ ਨੇ ਸ੍ਰੀ ਅੰਮ੍ਰਿਤਸਰ ਪੁਰ ਕੇ ਸਰਦਾਰ ਬਖਸ਼ੀਸ਼ ਸਿੰਘ ਚਿਮਨੀ ਦੇ ਦਫਤ੍ਰ ਵਿਚ ਸਾਰੇ ਹਾਲਾਤ ਦੇ ਮੁਤਲੱਕ ਦਰਖਾਸਤ ੧੭-੯-੪੭ ਨੂੰ ਏਹਨਾਂ ਔਰਤਾਂ ਤੇ ਲੜਕੀਆਂ ਦੇ ਲਿਚੁਣ ਦੀ ਕੀਤੀ ਸੀ ਤੇ ਏਸ ਦਫਤ੍ਰ ਨੇ ਭਰੋਸਾ ਦਿਵਾਇਆ ਸੀ ਕਿ ਅਸੀਂ ਇਹਨਾਂ ਪਿੰਡਾਂ ਵਿਚੋਂ ਅਰੱਕ ਭੇਜਕੇ ਲੈ ਆਵਾਂ ਗੇ। ਤੇ ਆਪ ਜੀ ਨੂੰ ਭੀ ਹੁਣ ਇਹ ਖੇਚਲ ਦਿਤੀ ਜਾ ਰਹੀ ਹੈ ਕਿ ਆਪ ਪਹਿਲੋਂ ਲਾਊਡ ਸਪੀਕਰ ਤੇ ਬੋਲ ਕੇ ਪਤਾ ਕਰ ਲਵੋ ਕਿ ਕੋਈ ਪਿੰਡ ਫੋਲਣ ਦੀਆਂ ਔਰਤਾਂ ਜਾਂ ਲੜਕੀਆਂ ਹੋਣ ਤਾਂ ਤੁਹਾਨੂੰ ਦਫਤ੍ਰ ਵਿਖੇ ਦਸ ਦੇਣ। ਜੇ ਕਰ ਇਥੇ ਪਤਾ ਨ ਲਗੇ ਤਾਂ ਆਪ ਸ੍ਰਦਾਰ ਬਖ਼ਸ਼ੀਸ਼ ਸਿੰਘ ਜੀ ਦੇ ਦਫਤ੍ਰ ਵਿਚੋਂ ਪਤਾ ਕਰੋ। ਕਿ ੧੭-੯-੪੭ ਨੂੰ ਜੋ ਦਰਖਾਸਤ ਇਹਨਾਂ ਪਿੰਡਾਂ ਵਿਚੋਂ ਔਰਤਾਂ ਤੇ ਲੜਕੀਆਂ ਦੇ ਲਿਹੁਣ ਦੀ ਬਹਾਲ ਸਿੰਘ ਵਲੋਂ ਕੀਤੀ ਸੀ, ਉਹ ਟਰੱਕ ਭੇਜੇ ਹਨ ਕਿ ਨਹੀਂ। ਜੇ ਕਰ ਅਜੇ ਤਕ ਨਾਂ ਭੇਜੇ ਹੋਣ ਤਾਂ ਆਪ ਸ਼ੀਘਰ ਹੀ ਟਰੱਕ ਭੇਜਣ ਦਾ ਪ੍ਰਬੰਧ ਕਰਵਾ ਦੇਵੋ। ਆਪ ਜੀ ਦੀ ਬੜੀ ਮਹਿਰਬਾਨੀ ਹੋਵੇਗੀ।

ਸਾਨੂੰ ਕੁਝ ਪਤਾ ਲਗਾ ਹੈ ਕਿ ਇਨ੍ਹਾਂ ਪਿੰਡਾਂ ਵਿਚੋਂ ਔਰਤਾਂ ਤੇ ਲੜਕੀਆਂ ਕਠੀਆਂ ਕਰਕੇ ਮੁਹੰਮਦ ਹੁਸੈਣ ਪਿੰਡ ਗੰਜੇ ਪਾਸ ਲੈ ਗਏ ਹਨ।। ਕਿ ਇਨਾਂ ਨੂੰ ਫਿਰੋਜ਼ਪੁਰ ਹੈਡ ਲੰਘਾਂ ਦਿਊ। ਪਰ ਉਸ ਨੇ ਨਾਂ ਕਰ ਦਿਤੀ ਹੈ ਤੇ ਇਨ੍ਹਾਂ ਪਿੰਡਾਂ ਵਾਲਿਆਂ ਨੂੰ ਇਹ ਕਿਹਾ ਹੂ ਕਿ ਕੋਈ ਹਿੰਦੂ ਮਿਲਟ੍ਰੀ ਦਾ ਟਰੱਕ ਆਵੇਗਾਤਾਂ ਉਹਨਾਂ ਨੂੰ ਇਹ ਔਰਤਾਂ ਤੇ ਲੜਕੀਆਂ ਦੇ ਦੇਣੀਆਂ। ਤੇ ਹੁਣ ਆਪਣੇ ਪਿੰਡਾਂ ਨੂੰ ਵਾਪਸ ਲੈ ਜਾਵੋ। ਤੇ ਫਿਰ ਉਹ ਵਾਪਸ ਆਪਣੇ ਪਿੰਡਾਂ ਨੂੰ ਲੈ ਆਏ ਹਨ। ਸੋ ਆਪ ਜੀ ਅਗੇ ਦੁਬਾਰਾ ਬੇਨਤੀ ਹੈ ਕਿ ਇਹ ਜ਼ਰੂਰ ਹੀ ਪ੍ਰਬੰਧ ਕਰਵਾ ਦਿਊ।। ਪਾਣੀ ਦੇ ਹੋਣ ਕਰਕੇ ਅਸੀਂ ਮਘੇ ਵਿਖੇ ਘਿਰੇ ਹੋਏ ਹਾਂ।

ਦਾਸ,

ਬਹਾਲ ਸਿੰਘ ਵਲਦ ਦਿਆਲ ਸਿੰਘ,
ਗੁਰਦੁਆਰਾ ਸਿੰਘ ਸਭਾ, ਮੋਗਾ।
(ਫਿਰੋਜ਼ਪੁਰ)।।

ਮੀਰਪੁਰ (ਜੰਮੂ)
੮ ਸਤੰਬਰ, ੪੭।

ਸ੍ਰੀਮਾਨ ਪੰਥਰਤਨ ਮਾਸਟਰ ਤਾਰਾ ਸਿੰਘ ਜੀ,

ਸਤਿ ਸ੍ਰੀ ਅਕਾਲ। ਆਪ ਨੂੰ ਇਸ ਪਾਸੇ ਮਗਰਬੀ ਪੰਜਾਬ ਬਾਰੇ ਖਬਰਾਂ ਪੁਜ ਰਹੀਆਂ ਹੋਣ ਗਈਆਂ। ਪਰ ਸ਼ਾਇਦ ਮੁਫਸਲ ਤੌਰ ਤੇ ਹਾਲਾਤ ਆਪ ਤਕ ਨਾ ਪੁਜ ਸਕੇ ਹੋਣ। ਇਸ ਕਰਕੇ ਹੇਠ ਲਿਖੀਆਂ ਸਤਰਾਂ ਆਪ ਤਕ ਪਹੁਚਾਣਾ ਚਾਹੁੰਦਾ ਹਾਂ। ਉਮੀਦ ਹੈ ਕਿ ਆਪ ਮੁਨਾਸਬ ਤੇ ਜਲਦੀ ਪ੍ਰਬੰਧ ਕਰ ਸਕੋਗੇ।।

<u>ਜਿਹਲਮ ਸ਼ਹਿਰ</u>:- ਜਿਹਲਮ ਸ਼ਹਿਰ ਮੀਰ ਪੁਰ ਰਿਆਸਤ ਜੰਮੂ ਦੀ ਹਦ ਤੋਂ ਅਠ ਮੀਲ ਹੈ, ਪਰ ਉਸ ਇਲਾਕੇ ਦੇ ਮੁਸਲਮਾਨ ਕਿਸੇ ਹਿੰਦੂ ਸਿੱਖ ਨੂੰ ਬਚ ਕੇ ਇਸ ਤਰਫ ਆਉਣ ਨਹੀਂ ਦਿੰਦੇ। ਜਹਿਲਮ ਸ਼ਹਿਰ ਵਿਚ ਕਹਿਰ ਮਚਿਆ ਹੋਇਆ ਹੈ। ੧੫ ਤੋਂ ੨੦ ਅਗਸਤ ਤਕ ਕੁਝ ਹਿੰਦੂ ਤੇ ਥੋੜੇ ਜਿਹੇ ਸਿੱਖ ਨਸ ਕੇ ਏਥੇ ਪੁਜੇ। ਉਸ ਦੇ ਪਿਛੋਂ ਕਿਸੇ ਨੂੰ ਵੀ ਪਾਕਿਸਤਾਨ ਵਾਲੇ ਰਿਆਸਤ ਦੀ ਹਦ ਤੇ ਆਉਣ ਨਹੀਂ ਦਿੰਦੇ। ਉਸ ਤੋਂ ਪਿਛੋਂ ਖਾਸ ਕਰ ਈਦ ਵਾਲੇ ਦਿਨ ਮਗਰੋਂ ਸਭ ਸਿੰਘ ਹਿੰਦੂ ਸਖ਼ਤ ਘਬਰਾਉਣ ਦੀ ਹਾਲਤ ਵਿਚ ਸ਼ਹਿਰ ਵਿਚ ਅਪਣੇ ੨ ਘਰਾਂ ਵਿਚ ਡਕੇ ਹੋਏ ਹਨ। ਖਾਸ ਜਹਿਲਮ ਸ਼ਹਿਰ ਵਿਚ ਨੌਂ ਆਦਮੀਆਂ ਨੂੰ ਛੁਰਾ ਮਾਰ ਕੇ ਮਾਰ ਦਿਤਾ ਗਿਆ ਹੈ ਤੇ ਲੋਕ ਇਥੋਂ ਤਕ ਸਹਿਮੇ ਹੋਏ ਹਨ ਕਿ ਕੋਈ ਹਿੰਦੂ ਸਿੱਖ ਅਪਣੇ ਘਰ ਤੋਂ ਤੇਜ ਗਲੀ ਵੀ ਨਹੀਂ ਆ ਸਕਦਾ। ਸੁਣਿਆ ਕਿ ਇਕ ਅਧ ਸਪੈਸ਼ਲ ਗਡੀ ਜਹਿਲਮ ਤੋਂ ਲੰਘੀ ਹੈ ਪਰ ਸਟੇਸ਼ਨ ਤੇ ਕੋਈ ਪੁਜਣ ਦੀ ਜੁਰਤ ਨਹੀਂ ਕਰ ਸਕਦਾ। ਅਗ ਲਗਾਉਣ ਦੀਆਂ ਕਈ ਵਾਰਦਾਤਾਂ ਹੋ ਚੁਕੀਆਂ ਹਨ। ਸ਼ਹਿਰੀਆਂ ਨੂੰ ਕਿਸੇ ਤਰੀਕੇ ਨਾਲ ਬਚਾਣ ਦਾ ਉਪਾਉ ਕਰਨਾ ਚਾਹੀਦਾ ਹੈ।

<u>ਜ਼ਿਲਾ ਜਹਿਲਮ ਦੇ ਇਲਾਕੇ ਦਾ ਹਾਲ</u>:-

੧. <u>ਸੰਘੋਈ</u>:- ੩੦ ਆਦਮੀ ਕਤਲ ਕੀਤੇ ਗਏ, ਮਕਾਨ ਜਲਾਕੇ ਸਮਾਨ ਲੁਟ ਲਿਆ ਗਿਆ।।

੨. <u>ਚੋਹਾ ਸਾਹਿਬ</u>:- ਗੁਰਦਵਾਰਾ ਸਾੜ ਕੇ ਆਦਮੀ ਮਾਰ ਦਿਤੇ ਗਏ।।

੩. <u>ਰੋਹਤਾਸ</u>:- (ਕਿਲਾ) ੧੨੫ ਆਦਮੀ ਕਤਲ ਕੀਤੇ ਗਏ, ਮਕਾਨ ਸਾੜ ਦਿਤੇ ਗਏ, ਤੇ ਸਮਾਨ ਲੁਟ ਲਿਆ ਗਿਆ।।

****
****
****

<u>ਚਿਠੀਆਂ ਦਰਦਾਂ ਦੀਆਂ</u>:- (ਕਟਿੰਗ 'ਪੰਜਾਬ', ਅੰਮ੍ਰਿਤਸਰ ੧੨-੯-੪੭॥)

****

ਪੰਚਾਇਤ ਲੇਲ ਕਲਾਂ ਵਲੋਂ ਸਕੌਂਕੂ ਸ੍ਰੋ:ਅਕਾਲੀ ਦਲ ਪਾਸ ਦਰਦਨਾਕ ਦਰਖਾਸਤ

ਇਲਾਕਾ ਕਾਦੀਆਂ ਪਿੰਡ ਲੇਲ ਕਲਾਂ ਦੀ ਪੰਚਾਇਤ ਦੇ ਪ੍ਰਧਾਨ ਸਰਦਾਰ ਕੇਸਰ ਸਿੰਘ ਤੇ ਮੀਤ ਪ੍ਰਧਾਨ ਸਰਦਾਰ ਰੰਗਾ ਸਿੰਘ ਵਲੋਂ ਦਰਦਨਾਕ ਦਰਖਾਸਤ ਸ੍ਰੋਮਣੀ ਅਕਾਲੀ ਦਲ ਦੀ ਸੇਵਾ ਵਿਚ ਭੇਜੀ ਗਈ ਹੈ, ਜਿਸ ਵਿਚ ਉਹ ਲਿਖਦੇ ਹਨ ਕਿ:-

"ਇਲਾਕਾ ਕਾਦੀਆਂ ਵਿਚ ਪਿਛਲੇ ਦਸਾਂ ਕੁ ਦਿਨਾਂ ਤੋਂ ਮੁਸਲਮਾਨਾਂ ਦੀ ਰਾਖੀ ਦੇ ਨਾਮ ਪਰ ਪਾਕਿਸਤਾਨੀ ਫੌਜ ਆਈ ਹੋਈ ਹੈ। ਜੋ ਦਿਨ ਰਾਤ ਇਲਾਕੇ ਵਿਚ ਭੌਂਦੀ ਫਿਰਦੀ ਰਹਿੰਦੀ ਹੈ। ਅਤੇ ਜਿਸ ਦਾ ਨਤੀਜਾ ਹੁਣ ਤਕ ਇਲਾਕੇ ਦੇ ਕੋਈ ਇਕ ਸੌ ਸਿੰਘਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਜਾ ਚੁਕਿਆ ਹੈ॥ ਮੋਕਲ ਵਿਚ ਘਰਾਂ ਵਿਚ ਇਨ੍ਹਾਂ ਮੁਸਲਮਾਨ ਫੌਜੀਆਂ ਨੇ ਕਈ ਸਿੱਖ ਗੋਲੀ ਨਾਲ ਮਾਰ ਦਿਤੇ ਹਨ। ਅਤੇ ਨੰਬਰਦਾਰ ਤੋਂ ਪੰਜ ਸੌ ਰੁਪੈ ਵਸੂਲ ਕਰਨ ਲਈ ਉਸ ਨੂੰ ਕਾਦੀਆਂ ਸਦਿਆ ਗਿਆ। ਇਸ ਤਰ੍ਹਾਂ ਪਿੰਡ ਖਾਲਸਾ ਵਿਚ ਇਕ ਸਿੱਖ ਨੂੰ ਪਿੰਡ ਵਿਚੋਂ ਬਾਹਰ ਸਦਕੇ ਗੋਲੀ ਨਾਲ ਉੜਾ ਦਿਤਾ ਗਿਆ ਹੈ। ਪਾਸੀਆਂ ਦੇ ਕਤਲਾਂ ਤਾਂ ਗਲ ਹੀ ਨਾਂ ਪੁਛੋ। ਇਹ ਫੌਜੀ ਗਰੋਹ ਜੀਪਾਂ ਪੁਰ ਪਵਾਰ ਹੋਕੇ ਦਿਨ ਰਾਤ ਭੌਂਦੇ ਫਿਰਦੇ ਹਨ। ਅਤੇ ਜਿਹੜਾ ਭੀ ਸਿੱਖ ਨਜ਼ਰ ਆਉਂਦਾ ਹੈ, ਗੋਲੀ ਨਾਲ ਉੜਾ ਦਿਤਾ ਜਾਂਦਾ ਹੈ। ਸਾਧਾਰਨ ਪੇਂਡੂ ਇਸ ਗਲ ਨੂੰ ਨਹੀਂ ਸਮਝ ਸਕਦੇ। ਕਿ ਇਹ ਫੌਜੀ ਦੋਸਤ ਹਦ ਜਾਂ ਕਿ ਦੁਸ਼ਮਨ। ਬਹੁਤ ਸਾਰੀ ਜਾਹਲੀ ਫੌਜ ਵੀ ਕੰਮ ਕਰ ਰਹੀ ਹੈ॥

ਇਸ ਚਿਠੀ ਵਿਚ ਅਗੇ ਜਾ ਕੇ ਲਿਖਿਆ ਹੈ ਕਿ " ਇਹ ਗਲ ਪੂਰੀ ਤੱਸੀ ਨਾਲ ਆਖੀ ਜਾ ਸਕਦੀ ਹੈ ਕਿ ਇਸ ਕਤਲਾਮ ਵਿਚ ਕਾਦੀਆਂ ਦੇ ਮਰਜ਼ੀਆਂ ਦਾ ਪੂਰਾ ੨ ਹਥ ਕੰਮ ਕਰ ਰਿਹਾ ਹੈ। ਇਹ ਮਰਜ਼ਈ ਸਾਡੇ ਲੀਡਰਾਂ, ਸਰਕਾਰ ਅਤੇ ਜੰਤਾ ਪਾਸ ਤਾਂ ਅਮਨ ਲਈ ਅਪੀਲਾਂ ਕਰਦੇ ਨਹੀਂ ਥਕਦੇ; ਪ੍ਰੰਤੂ ਇਧਰ ਇਹ ਕਰਤੂਤਾਂ ਕਰਕੇ ਇਲਾਕੇ ਨੂੰ ਭੈ ਭੀਤ ਕਰ ਰਹੇ ਹਨ। ਇਲਾਕੇ ਦੇ ਸਿੱਖਾਂ ਦਾ ਨਕ ਵਿਚ ਦਮ ਕਰ ਦਿਤਾ ਗਿਆ ਹੈ। ਅਤੇ ਉਹਨਾਂ ਲਈ ਬਾਹਰ ਨਿਕਲਨਾਂ ਭੀ ਔਖਾ ਹੋ ਗਿਆ ਹੈ। ਇਥੋਂ ਤਕ ਕਿ ਜੇ ਉਹ ਹਾਕਮਾਂ ਤੇ ਲੀਡਰਾਂ ਪਾਸ ਫਰਿਆਦ ਕਰਨ ਵਾਸਤੇ ਭੀ ਨਿਕਲਦੇ ਹਨ, ਤਾਂ ਗੋਲੀ ਦਾ ਨਿਸ਼ਾਨਾ ਬਣਾ ਦਿਤੇ ਜਾਂਦੇ ਹਨ। ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਤੇ ਸ੍ਰੋਮਣੀ ਅਕਾਲੀ ਦਲ ਨੂੰ ਝਟ ਪਟ ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ॥

Serial no 1 File no 16 Riot Page 173.

55

ਮਿਲਟ੍ਰੀ ਵਿਰੁਧ ਸ਼ਿਕਾਇਤਾਂ।

* * * * * * * * * * *

* * * * * * * * * *

ਜ਼ਿਲਾ ਗੁਰਦਾਸਪੁਰ ਤਹਿਸੀਲ ਬਟਾਲਾ ਪਿੰਡ ਸਦਾ ਰੰਗ ਦੇ ਸਰਦਾਰ ਹਜ਼ਾਰਾ ਸਿੰਘ ਦੇ ਜ਼ੁਬਾਨੀ ਇਤਲਾਹ ਦਿੰਦੇ ਹਨ ਕਿ ਪਿੰਡ ਦੇ ਦਸ ਆਦਮੀ ਗਿਆਨ ਸਿੰਘ, ਝੰਡਾ ਸਿੰਘ, ਬੇਲਾ ਸਿੰਘ, ਅਮਰ ਸਿੰਘ ਠੇਕੇਦਾਰ, ਪ੍ਰੀਤਮ ਸਿੰਘ, ਕਿਸ਼ਨਸਿੰਘ, ਮਸ਼ੀਨੀਆ, ਮਿਹਰ ਸਿੰਘ, ਹਰਭਜਨ ਸਿੰਘ , ਰਾਮ, ਲਾਲ ਸਿੰਘ ਬਲੋਚ ਮਿਲਟ੍ਰੀ ਨੇ ਕਹਿ ਕੇ ਉਹਨਾਂ ਦੇ ਅਫਸਰ ਨੇ ਬੁਲਾਇਆ ਹੈ ਬਾਹਰ ਲਿਜਾ ਕੇ ਗੋਲੀ ਨਾਲ ਭੁੰਨ ਦਿਤੇ ਹਨ।।,

ਇਸੇ ਤਰ੍ਹਾਂ ਭੋਮੇਂ, ਅਤੇ ਥੋੜੇ ਦੂਰਾਂ ਪਿੰਡਾਂ ਦੇ ੩੩ ਆਦਮੀ ਅਨਹਕ ਬਲੋਚ ਮਿਲਟ੍ਰੀ ਦੀਆਂ ਗੋਲੀਆਂ ਨਾਲ ਮਾਰੇ ਗਏ ਹਨ।।

ਪਿੰਡ ਰੰਗੜ ਨੰਗਲ ਛੋਟਾ ਤੇ ਵਡਾ, ਦੋਹਾਂ ਦੇ ੭ ਆਦਮੀ ਬਲੋਚ ਮਿਲਟ੍ਰੀ ਨੇ ਮਾਰ ਦਿਤੇ ਹਨ।। ੧੯ ਆਦਮੀਆਂ ਨੂੰ ਫੜ ਕੇ ਲੈ ਗਏ ਹਨ, ਜਿਨ੍ਹਾਂ ਦਾ ਕੋਈ ਪਤਾ ਨਹੀਂ ਲਗਾ। ਪਿੰਡਾਂ ਦੇ ਆਦਮੀ ਡਰਦੇ ਭੱਜ ਰਹੇ ਹਨ। ਮੁਸਲਮਾਨ ਚੌਧਰੀ ਵਾਲੇ ਅਤੇ ਰੰਘੜ ਨੰਗਲ ਵਿਚ ਬਹੁਤ ਇਕੱਠੇ ਹੋ ਗਏ ਹਨ।। ਸਿੱਖਾਂ ਦੇ ਪਿੰਡ ਬਹੁਤ ਖਤਰੇ ਵਿਚ ਹਨ। ਮਦਦ ਨਾ ਪਹੁੰਚੀ ਤਾਂ ਪਿੰਡਾਂ ਨੂੰ ਬਹੁਤ ਬਹੁਤ ਸਖ਼ਤ ਖਤਰਾ ਹੈ।।

ਦਾਸ,

ਹਜ਼ਾਰਾ ਸਿੰਘ,

File no 16 Relief (J. & Kashmir)

੧ੳ ਸ੍ਰੀ ਵਾਹਿਗੁਰੂ ਜੀ ਕੀ ਫਤਿਹ।

ਕਮੇਟੀ ਗੁਰਦਵਾਰਾ ਛੇਵੀਂ ਪਾਤਸ਼ਾਹੀ,
ਗੁਰਦਵਾਰਾ ਬੰਗਲਾ ਸਾਹਿਬ, ਰਜੋਰੀ,
ਜ਼ਿਲਾ ਰਿਆਸੀ ਸਟੇਟ ਜੰਮੂ।।

ਸੰਨਮਾਨਯੋਗ ਸਕੱਤ੍ਰ ਸਾਹਿਬ, ਗੁ:ਪ੍ਰ:ਕਮੇਟੀ,
ਸ੍ਰੀ ਅੰਮ੍ਰਿਤਸਰ ਜੀ।

ਸੇਵਾ ਵਿਖੇ ਬਿਨੈ ਹੈ ਕਿ ਆਪ ਜੀ ਭਲੀ ਪ੍ਰਕਾਰ ਜਾਣੂ ਹੋਵੋਗੇ, ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮਾਈ ਭਾਗ ਭਰੀ ਦੇ ਪ੍ਰੇਮ ਵਿਚ ਖਿਚੇ ਹੋਏ ਕਸ਼ਮੀਰ ਧਰਤੀ ਨੂੰ ਚਰਨ ਛੁਹਾ ਕੇ ਪਵਿਤ੍ਰ ਕਰਨ ਲਈ ਇਸੇ ਰਸਤੇ ਲੰਘਦਿਆਂ ਰਾਤ ਇਥੇ ਠਹਿਰੇ। ਇਸ ਪਵਿਤ੍ਰ ਅਸਥਾਨ ਤੇ ਸ਼ਰਧਾਲੂ ਸਿੰਘਾਂ ਨੇ ਗੁਰਦਵਾਰਾ ਬਣਾਇਆ। ਇਸੇ ਅਸਥਾਨ ਦੇ ਆਸਰੇ ਹੀ ਚੀਫ ਖਾਲਸਾ ਦੀਵਾਨ ਤੇ ਸਰਦਾਰ ਤੀਰਥ ਸਿੰਘ ਜੀ ਸਾਬਕਾ ਤਹਿਸੀਲਦਾਰ (ਮਗਰੋਂ) ਵਜ਼ੀਰ ਵਜ਼ਾਰਤ ਘਰਜਾਖ ਗੁਜਰਾਂਵਾਲੇ ਜੀ ਦੇ ਉਦਮ ਨਾਲ ਗੁਰਮੁਖੀ ਪ੍ਰਚਾਰ ਹੁੰਦਾ ਰਿਹਾ ਤੇ ਇਸ ਇਲਾਕੇ ਵਿਚ ਨਿਰੋਲ ਗੁਰਸਿੱਖਾਂ ਦੇ ਕਈ ਪਿੰਡ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰਕੇ ਗੁਰ ਸਿੱਖ ਸਜੇ। ਸਮੇਂ ਦੇ ਚੱਕਰ ਨੇ ਇਸ ਇਲਾਕੇ ਦੀ ਸਿੱਖੀ ਨੂੰ ਅਪਣੀ ਚਾਦਰ ਹੇਠਾਂ ਲਪੇਟ ਕੇ ਸਮਾਪਤ ਕਰ ਦਿਤਾ। ਗੁਰਦਵਾਰਾ ਭੀ ਲੁਟ ਪੁਟ ਕੇ ਬਰਬਾਦ ਕਰ ਦਿਤਾ ਗਿਆ। ਹੁਣ ਜਦ ਪਿਛਲੇ ਸਾਲ ਇਤੀਅਦ ਫੌਜ ਨੇ ਇਹ ਅਲਾਕਾ ਸਾਫ ਕੀਤਾ ਤਾਂ ਗੁਰਦਵਾਰਾ ਜੋ ਜਲਣ ਤੋਂ ਬਚ ਗਿਆ ਸੀ, ਥੋੜੇ ਜਿਹੇ ਗੁਰਸਿੱਖਾਂ ਦੇ ਉਦਮ ਨਾਲ ਮੁੜ ਸਜਾਇਆ ਗਿਆ। ਤੇ ਨਾਮ ਮਾਤ੍ਰ ਸਤਿ ਸੰਗ ਹੋਣਾ ਆਰੰਭ ਹੋਇਆ ਹੈ, ਪਰ ਖ਼ਸਮ ਤੋਂ ਬਗੈਰ ਕੋਈ ਭੀ ਵਸਤੂ ਜੋਬਨ ਵਿਚ ਨਹੀਂ ਆ ਸਕਦੀ। ਇਥੇ ਟਾਂਵੇਂ ੨ ਗੁਰਸਿੱਖ ਫੁਲਵਾੜੀ ਦੇ ਅੰਗੂਰ (ਜੋ ਪਤਿਤਹਾਲਤ ਵਿਚ ਆਏ ਹਨ, ਫੁਟ ਰਹੇ ਹਨ ਪਰ ਖਤਰਾ ਹੈ ਕਿ ਕਿਤੇ ਕੁਸੰਗ ਮਾਨਮਤ ਦੀ ਹਵਾ ਨਾਲ ਮੁਰਜਾ ਨਾਂ ਜਾਣ। ਇਸ ਲਈ ਬਿਨੇ ਹੈ ਕਿ ਆਪ ਜੀ ਇਸ ਪਾਸੇ ਧਿਆਨ ਦਿਉ। ਇਨ੍ਹਾਂ ਸਜਣ ਵਾਲੇ ਗੁਰਸਿੱਖਾਂ ਨਾਲ ਹੋਰ ਕਈ ਹਿੰਦੂ ਸਜਣ ਭੀ ਸਿੰਘ ਸਜਣ ਨੂੰ ਤਿਆਰ ਹਨ। ਪਰ ਪ੍ਰਚਾਰ ਖੁਣੋ ਇਹ ਕੰਮ ਅਧੂਰਾ ਹੈ। ਕ੍ਰਿਪਾ ਪੂਰਬਕ ਹੇਠਾਂ ਲਿਖੇ ਅਨੁਸਾਰ ਸਾਡੀ ਮਦਦ ਕਰੋ ਤਾਂ ਕਿ ਇਥੇ ਪ੍ਰਚਾਰ ਹੋ ਸਕੇ।

(੧) ਪ੍ਰਚਾਰਕ (੨) ਕਕਾਰ, (੩) ਗੁਟਕੇ ਗੁਰਮੁਖੀ ਉਰਦੂ ਦੋਹਾਂ ਵਿਚ [illegible]
(੪) ਮਾਇਆ ਦਵਾਰਾ ਇਸ ਵਿਚ ਸ਼ਕ ਨਹੀਂ ਕਿ ਰਾਜਸੀ/ਗੁੰਜਲਦਾਰ ਹੋਣ ਕਰਕੇ ਸਾਰੇ ਸਿੱਖ ਜਗਤ ਵਿਚ ਜ਼ਿਆਦਾ ਆਪਦਾ ਨੇ ਚੱਕਰ ਚਲਾਏ; ਪਰ ਇਸ ਪਾਸੇ ਫੌਰਨ ਧਿਆਨ ਦਿਉਗੇ। ਤਾਂ ਬਹਿਤਰੀ ਹੈ ਨਹੀਂ ਤਾਂ ਇਸ ਇਲਾਕੇ ਵਿਚ ਗੁਰਸਿੱਖੀ ਬੀਜ ਖ਼ਤਮ ਹੀ ਸਮਝੋ। ਆਸ ਹੈ ਆਪ ਜੀ ਇਸ ਪਾਸੇ ਸ਼ੀਘਰ ਹੀ ਧਿਆਨ ਦਿਉਗੇ। ਤੇ ਸਤਿਗੁਰ ਦਾਤੇ ਦੇ ਅੰਮ੍ਰਿਤ ਪਿਆਸਿਆਂ ਨੂੰ ਸ਼ਾਂਤ ਕਰੋਗੇ।

ਇਹ ਇਲਾਕਾਂ ਰਾਜੋਰੀ ਭਾਵੇਂ ਦੂਰ ਦੁਰੇਡੇ ਹੈ ਪਰ ਸਿੱਖ ਇਤਹਾਸ ਨਾਲ ਇਸਦਾ ਗਾੜ੍ਹਾ ਸੰਬੰਧ ਹੈ, ਇਹ ਹੀ ਧਰਤੀ ਸ੍ਰੀ ਬਾਬਾ ਬੰਦਾ ਸਿੰਘ (ਗੁਰਬਖ਼ਸ਼ ਸਿੰਘ) ਸ਼ਹੀਦ ਵਰਗੀ ਹਸਤੀ ਨੂੰ ਜਨਮ ਦੇਣ ਵਾਲੀ ਤੇ ਮੀਰੀ ਪੀਰੀ ਦੇ ਮਾਲਕ ਛੇਵੇਂ ਗੁਰੂ ਨਾਨਕ ਜੀ ਦੇ ਚਰਨ ਛੁਹ ਪ੍ਰਾਪਤ ਕਰਨ ਦਾ ਮਾਣ

ਵੀ ਇਸੇ ਨੂੰ ਹੈ। ਕ੍ਰਿਪਾ ਕਰਕੇ ਇਸ ਪਤ੍ਰਿਕਾ ਦੀ ਕਾਰਵਾਈ ਦੇਣ ਸੂਚੀ ਪੱਤੇ ਸ਼ੀਘਰ ਹੀ ਦੇਣ ਦੀ ਮੁਹਰ ਕਰਨੀ॥

ਅਸੀਂ ਹਾਂ ਗੁਰੂ ਪੰਥ ਦੇ ਦਾਸ,

ਦਾ: ਗੁਰਬਚਨ ਸਿੰਘ ਪ੍ਰਧਾਨ ਗੁਰਦੁਵਾਰਾ ਕਮੇਟੀ
ਦਾ: ਠਾਕੁਰ ਸਿੰਘ ਸਕੱਤ੍ਰ ਰਾਜੌਰੀ, ਜੰਮੂ॥

****

serial no 3 File no 16 1946/1947 58

ਕੰਲਵਾਂਈ ਜਹਿੜੀ ਜਹਿਲਮ ਤੋਂ ੧੭-੯-੪੭ ਤੋਂ ਆ ਰਹੀ ਸੀ ਉਸ ਪੁਰ ਹੋਏ ਹਮਲੇ ਦਾ ਵੇਰਵਾ।।

****

ਬਿਆਨ ਸਰਦਾਰ ਪ੍ਰੀਤਮ ਸਿੰਘ ਸੁਪੁਤ੍ਰ ਫੰਗਾ ਸਿੰਘ
ਪਿੰਡ ਸਰਲੀ ਕਲਾਂ ਥਾਣਾ ਵੀਰੋਵਾਲ ਜ਼ਿਲਾ ਅੰਮ੍ਰਿਤਸਰ।।

ਮੈਂ ਜਹਿਲਮ ਵਿਚ ਡਾਲਮੀਆ ਸੀਮਿੰਟ ਫੈਕਟ੍ਰੀ ਵਿਚ ਕੰਮ ਕਰਦਾ ਸਾਂ। ਇਸ ਗੜ ਬੜ ਦੇ ਕਾਰਨ ਅਸੀਂ ਰਲੀਫ ਕੈਂਪ ਜਹਿਲਮ ਵਿਚ ਪਹੁੰਚ ਗਏ। ਆਖਿਰ ਅੰਮ੍ਰਿਤਸਰ ਤੋਂ ਟੱਰਕ ਗਏ ਅਤੇ ਅਸੀਂ ਛੇ ਲਾਰੀਆਂ ਤੇ ਤੁਰ ਪਏ। ੧੫-੯-੪੭ ਨੂੰ ਤੁਰੇ ੧੬-੯-੪੭ ਨੂੰ ਲਾਹੌਰ ਪੁਜੇ। ਆਖਿਰ ਲਾਹੌਰੋਂ ੧੭-੯-੪੭ ਨੂੰ ਜਦ ਅਸੀਂ ਤੁਰੇ ਤਾਂ ਮੁਗਲਪੁਰੇ ਨਹਿਰ ਦੇ ਲਾਗੇ ਮੁਸਲਮਾਨਾਂ ਨੇ ਹਮਲਾ ਕਰ ਦਿਤਾ। ਸਾਡੇ ਨਾਲ ਲਾਹੌਰ ਅਗੇ ਮਿਲਟ੍ਰੀ ਮੁਸਲਮਾਨ ਸੀ ਅਤੇ ਡਰਾਈਵਰ ਭੀ ਮੁਸਲਮਾਨ ਸੀ। ਬਹੁਤ ਜ਼ਿਆਦਾ ਨੁਕਸਾਨ ਹੋਇਆ। ੨੫ ਆਦਮੀ ਮਾਰੇ ਗਏ। ਅਤੇ ੪੦ ਆਦਮੀ ਜ਼ਖਮੀ ਹੋਏ। ਮਾਲ ਅਸਬਾਬ ਬਹੁਤ ਜ਼ਿਆਦਾ ਲੁਟਿਆ ਗਿਆ।। ਹੁਣੇ ਜਹਿਲਮ ਵਿਚ ਹੋਰ ਭੀ ਬਹੁਤ ਆਦਮੀ ਘਿਰੇ ਹੋਏ ਹਨ।। ਛੇਤੀ ਪ੍ਰਬੰਧ ਕੀਤਾ ਜਾਵੇ।।

ਪ੍ਰੀਤਮ ਸਿੰਘ
ਪਿੰਡ ਸ੍ਰੀ ਕਲਾਂ,
ਡਾਕਖਾਨਾ ਸਰਲੀਖੁਰਦ,
ਜ਼ਿਲਾ ਅੰਮ੍ਰਿਤਸਰ।।

ਪਿੰਡੇ ਤੇਇਆਂ ਦਾ ਰਜਿਸਟਰ

ਬੇਨਤੀ ਹੈ ਕਿ ਪਿੰਡ ਕੋਟਲੀ ਲੁਹਾਰਾਂ ਲਹਿੰਦੀ ਤਹਿਸੀਲ ਸਿਆਲਕੋਟ ਵਿਚ ੬੦੦ ਆਦਮੀ ਹਿੰਦੂ ਸਿੱਖ ਜ਼ਬਰਦਸਤੀ ਮੁਸਲਮਾਨ ਬਨਾਏ ਹਨ। ਜਿੰਨ੍ਹਾਂ ਨੂੰ ਨੈਸ਼ਨਲ ਗਾਰਡ ਨੇ ਘੇਰਿਆ ਹੋਇਆ ਹੈ। ਏਹ ਹਾਲਾਤ ਦਾ ਏਸ ਤਰ੍ਹਾਂ ਪਤਾ ਲਗਾ ਹੈ ਕਿ ਇਕ ਲੜਕਾ ਜਿਸ ਦਾ ਨਾਂ ਅਜੀਤ ਸਿੰਘ ਹੈ ਸਰਦਾਰ ਅਮਰ ਸਿੰਘ ਦਾ ਪੁਤਰ ਜਿਹੜਾ ਕਿ ਬੜੀ ਮੁਸ਼ਕਿਲ ਨਾਲ ਜਾਨ ਬਚਾ ਕੇ ਏਥੇ ਸਿਆਲਕੋਟ ਕੈਂਪ ਦਵਾਰਾ ਪੁਜਾ ਹੈ। ਹਾਲਾਤ ਏਸ ਤਰ੍ਹਾਂ ਹਨ ਕਿ ੩ ਤਾਰੀਖ ਮਹੀਨਾਂ ਸਤੰਬਰ ਨੂੰ ਪਿੰਡ ਵਿਚ ਨੈਸ਼ਨਲ ਗਾਰਡ ਅਤੇ ਹੋਰ ਇਲਾਕੇ ਦੇ ਮੁਸਲਮਾਨਾਂ ਨੇ ਜਿਹੜੇ ਕਿ ਹਜ਼ਾਰਾਂ ਦੀ ਤਾਦਾਦ ਵਿਚ ਸਨ ਘੇਰਾ ਪਾ ਲਿਆ ਏਹਨਾਂ ਦੇ ਪਾਸ ਬੰਦੂਕਾਂ ਬਰਛੇ ਆਦਿ ਦੇ ਬਹੁਤ ਹਥਿਆਰ ਸਨ। ਉਹਨਾਂ ਨੇ ਪਿੰਡਾਂ ਦੇ ਹਿੰਦੂਆਂ ਸਿੱਖਾਂ ਨੂੰ ਘੇਰੇ ਵਿਚ ਲੈ ਲਿਆ ਅਤੇ ਕਿਹਾ ਕਿ ਤੁਸੀ ਮੁਸਲਮਾਨ ਬਣ ਜਾਉ ਨਹੀਂ ਤਾਂ ਤੁਸਾਨੂੰ ਬੁਰੀ ਤਰ੍ਹਾਂ ਨਾਲ ਕਰ ਦਿਤਾ ਜਾਵੇਗਾ। ਅਤੇ ਤੁਸਾਡੀਆਂ ਔਰਤਾਂ ਅਤੇ ਲੜਕੀਆਂ ਨਾਲ ਬੜਾ ਬੁਰਾ ਥਲੂਕ ਕੀਤਾ ਜਾਵੇਗਾ। ਇਸ ਤੋਂ ਪਹਿਲੋਂ ਇਲਾਕੇ ਦੇ ਛੋਟੇ ੨ ਪਿੰਡਾਂ ਵਿਚ ਹਿੰਦੂ ਸਿੱਖ ਬੜੀ ਬੁਰੀ ਤਰ੍ਹਾਂ ਨਾਲ ਨਾਲ ਕਤਲ ਕੀਤਾ ਗਿਆ ਹੈ ਤੇ ਕੁਝ ਜਵਾਨ ਲੜਕੀਆਂ ਨੂੰ ਕਤਲ ਕੀਤਾ ਗਿਆ ਅਤੇ ਬਹੁਤ ਸਾਰਿਆਂ ਨੂੰ ਮੁਸਲਮਾਨ ਚੁਕ ਕੇ ਬੀ ਲੈ ਗਏ। ਇਸ ਡਰ ਤੋਂ ਪਿੰਡ ਕੋਟਲੀ ਲੁਹਾਰਾਂ ਦੇ ਹਿੰਦੂ ਸਿੱਖ ਮੁਸਲਮਾਨ ਹੋ ਗਏ ਏਸ ਤੋਂ ਬਾਦ ਦਾ ਹਾਲ ਏਸ ਤਰ੍ਹਾਂ ਹੈ ਕਿ ਸ੍ਰਦਾਰ ਗੁਰਬਖ਼ਸ਼ ਸਿੰਘ ਤੋਪਖਾਨੇ ਬਾਜ਼ਾਰ ਵਾਲੇ ਜਿੰਨ੍ਹਾਂ ਦੇ ਰਿਸ਼ਤੇਦਾਰ ਕੋਟਲੀ ਲੁਹਾਰਾਂ ਮੁਸਲਮਾਨ ਕੀਤੇ ਗਏ ਹਨ, ਦਸਿਆ ਹੈ ਕਿ ਏ:ਡੀ:ਐਮ: ਸਿਆਲਕੋਟ ਵਾਲੇ ਕੋਟਲੀ ਲੁਹਾਰਾਂ ਵਿਚ ਗਏ ਅਤੇ ਉਹਨਾਂ ਨੇ ਹਿੰਦੂ ਸਿੱਖਾਂ ਕੋਲੋਂ ਪਿੰਡ ਦੇ ਮੁਸਲਮਾਨਾਂ ਨਾਲ ਮਿਲ ਕੇ ਬਿਆਨ ਲੀਤਾ ਕਿ ਅਸੀ ਸਾਰੇ ਹਿੰਦੂ ਸਿੱਖ ਆਪਣੀ ਮਰਜ਼ੀ ਨਾਲ ਮੁਸਲਮਾਨ ਬਣੇ ਹਾਂ ਅਤੇ ਨਾਲ ਹੀ ਇਹ ਜ਼ੋਰ ਪਾਇਆ ਕਿ ਜੇ ਕਰ ਤੁਸਾਂ ਮੈਨੂੰ ਇਹ ਬਿਆਨ ਨਾ ਲਿਖ ਕੇ ਦਿਤੇ ਤੇ ਸਾਰੇ ਹੀ ਗੋਲੀ ਨਾਲ ਉੜਾ ਦਿਤੇ ਜਾਉਗੇ। ਸੋ ਉਹਨਾਂ ਨੇਂ ਮਜਬੂਰ ਹੋ ਕੇ ਦਸਖਤ ਬੀ ਕਰ ਦਿਤੇ। ਇਸ ਤੋਂ ਬਾਦ ਪਤਾ ਲਗਾ ਹੈ ਕਿ ੨ ਟਰਕਾਂ ਉਹਨਾਂ ਕੋਟਲੀ ਦੇ ਹਿੰਦੂਆਂ ਸਿੱਖਾਂ ਨੂੰ ਲੈਣ ਵਾਸਤੇ ਗਏ ਸਨ, ਲੇਕਿਨ ਉਹਨਾਂ ਨੇ ਇਨਕਾਰ ਕਰ ਦਿਤਾ ਹੈ ਕਿ ਅਸੀ (੧) ਮੁਸਲਮਾਨ ਮਿਲਟ੍ਰੀ ਨਾਲ ਨਹੀਂ ਜਾਂਵਾਂਗੇ ਕਿਉਂਕਿ ਨਾਲ ਦੇ ਪਿੰਡ ਕੁਲੂਵਾਲ ਵਿਚ ਮੁਸਲਮਾਨ ਮਿਲਟ੍ਰੀ ਨੇ ਹਿੰਦੂਆਂ ਸਿੱਖਾਂ ਨੂੰ ਕੁਲੂਵਾਲ ਵਿਚੋਂ ਕਢ ਕੇ ਕੈਂਪ ਵਿਚ ਪਹੁੰਚਾਣ ਦੇ ਬਹਾਨੇ ਰਸਤੇ ਵਿਚ ਕਤਲ ਕਰ ਦਿਤੇ, ਜਿੰਨ੍ਹਾਂ ਵਿਚ ਬਹੁਤ ਹੀ ਥੋੜੇ ਆਦਮੀ ਬਚ ਸਕੇ ਹਨ। (੨) ਨ ਟਰੱਕ ਥੋੜੇ ਹੋਨ ਦੇ ਕਾਰਨ ਕਿਉਂਕਿ ਬਾਕੀ ਜਿਹੜੇ ਆਦਮੀ ਪਿੰਡ ਵਿਚ ਰਹਿ ਜਾਂਦੇ ਉਹ ਮਾਰੇ ਜਾਨ ਦਾ ਖਤਰਾ ਸੀ।

ਬੇਨਤੀ ਹੈ ਕਿ ਹੁਣ ਛੇਤੀ ਤੋਂ ਛੇਤੀ ਉਹਨਾਂ ਨੂੰ ਬਚਾਣ ਵਾਸਤੇ ਹਿੰਦੂ ਸਿੱਖਾਂ ਦੀ ਮਿਲਟ੍ਰੀ ਭੇਜੀ ਜਾਵੇ ਅਤੇ ਟਰੱਕ ਏਨੇ ਭੇਜੇ ਗਏ ਜਿੰਨ੍ਹਾਂ ਤੇ ਸਾਰੇ ਹੀ ਆ ਸਕਣ ਜੇ ਕਰ ਕਿਸੇ ਹਾਲਤ ਵਿਚ ਟਰੱਕਾਂ ਦੀ ਇੰਤਜ਼ਾਮ ਨ ਭੀ

ਹੋ ਸਕੇ ਤਾਂ ਮਿਲਟ੍ਰੀ ਨੂੰ ਭੇਜ ਕੇ ਉਹਨਾਂ ਨੂੰ ਕਢ ਕੇ ਕਾਫਲੇ ਦੀ ਸ਼ਕਲ ਵਿਚ ਸਿਆਲਕੋਟ ਕੈਂਪ ਵਿਚ ਪਹੁੰਚਾਇਆ ਜਾਵੇ।

ਪਿੰਡ ਕੋਟਲੀ ਲੁਹਾਰਾਂ ਸਿਆਲਕੋਟ ਤੋਂ ੮ ਮੀਲ ਦੇ ਫਾਸਲੇ ਤੇ ਹੈ ਅਤੇ ਸੜਕ ਤੋਪ ਖਾਨੇ ਬਾਜ਼ਾਰ ਤੋਂ ਖਰੋਟਾਂ ਨੂੰ ਹੁੰਦੀ ਹੋਈ ਕੋਟਲੀ ਪੁਜਦੀ ਹੈ॥

ਜਸਵੰਤ ਸਿੰਘ ਪੁਤਰ ਸ਼ਃਅਮਰ ਸਿੰਘ
ਕੋਟਲੀ ਲੁਹਾਰਾਂ ਲਹਿੰਦੀ ਜ਼ਿਲਾ ਸਿਆਲਕੋਟ
ਡਾਕਖਾਨਾ ਖਾਸ॥

<u>ਏਸ ਵੇਲੇ ਦਾ ਪਤਾ</u>ਃ-
ਜਸਵੰਤ ਸਿੰਘ ਮਾਰਫਤ
ਸਃਕਰਮ ਸਿੰਘ ਇਕਬਾਲ ਸਿੰਘ
ਚੌਂਕ ਪੁਤਲੀ ਘਰ, ਅੰਮ੍ਰਿਤਸਰ॥

ਭਡਾਣਾ ਦੀ ਵਸੋਂ ੬੫੦੦ਦੇ ਲਗ ਪਗ ਸੀ। ਇਸ ਵਿਚੋਂ ਮੁਸਲਮਾਨ ਅਧੇ ਸਨ। ਇਕ ਪੱਤੀ ਚੌਧਰੀਆਂ ਦੀ ਮੁਸਲਮਾਨ ਸੀ। ਬਾਕੀ ਦੇ ਕੰਮੀਂ ਸਨ।

੨੦ ਅਗਸਤ ੧੯੪੭ ਨੂੰ ਸਵੇਰੇ ੧੦ ਵਜੇ ੪੦੦੦ ਮੁਸਲਮਾਨ ਜ਼ਿਲਾ ਅੰਮ੍ਰਿਤਸਰ ਦਾ ਤੇ ਬਾਕੀ ਦੇ ਕੰਮੀਪਿੰਡ ਦੇ ਸ਼ਾਮਲਸੋਕੇ ਸਿੱਖਾਂ ਸੇ ਹਮਲਾ ਆਵਰ ਹੋਏ। ਪਾਕਿਸਤਾਨ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਲਾਹੌਰ ਦੇ ਮੁਸਲਮਾਨ ਅਫਸਰਾਂ ਨੇ ੧੧ ਅਗਸਤ ਨੂੰ ੧੭ ਸਿਪਾਹੀ ਤੇ ਇਕ ਸਬ-ਇਨਸਪੈਕਟ੍ਰ ਪਡਾਣੇ ਵਿਚ ਬਿਠਾ ਦਿਤੇ ਸਨ। ਉਹ ਲੋਕਾਂ ਨੂੰ ਮਾਰਦੇ ਕੁਟਦੇ ਤੇ ਡਰਾਉਂਦੇ ਸਨ। ਜਿਸ ਸਮੇਂ ਮੁਸਲਿਮ ਹਜੂਮ ਨੇ ਹਮਲਾ ਕੀਤਾ ਉਸ ਵਕਤ ਇਹ ਪੋਲੀਸ ਤੇ ਕੁਝ ਮਿਲਟ੍ਰੀ ਹਜੂਮ ਦੇ ਨਾਲ ਸੀ॥

ਪਹਿਲੇ ਅਮਨ ਦੇ ਬਹਾਨੇ ਤਲਾਸ਼ੀਆਂ ਲਈਆਂ ਫਿਰ ਰਸਤੇ ਰੋਕ ਲਏ। ਸਿੱਖ ਸੂਦਾਰਾਂ ਵਿਚੋਂ ਸੂੰਦਾਰ ਮੇਵਾ ਸਿੰਘ, ਗਿਆਨੀ ਭੁਪਿੰਦਰ ਸਿੰਘ, ਗੁਰਬਚਨ ਸਿੰਘ, ਜਥੇਦਾਰ ਬਲਵੰਤ ਸਿੰਘ, ਨੌਨਿਹਾਲ ਸਿੰਘ, ਗੁਲਜ਼ਾਰ ਸਿੰਘ ਹਰਬੰਸ ਸਿੰਘ ਜਿਹੜੇ ਪੰਜਾਬੀ ਚੀਫਜ਼ ਵਿਚੋਂ ਹਨ, ਇਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਸਭ ਤੋਂ ਪਹਿਲੇ ਸਰਦਾਰ ਮੇਵਾ ਸਿੰਘ ਜੀ ਰੀਟਾਇਰਡ ਇਨਸਪੈਕਟ੍ਰ ਨੂੰ ਗੋਲੀ ਮਾਰੀ ਗਈ, ਜਿਸ ਨਾਲ ਉਹ ਸ਼ਹੀਦ ਹੋ ਗਏ। ਉਨ੍ਹਾਂ ਨੂੰ ਇਕ ਗੰਦੀ ਨਾਲੀ ਵਿਚ ਸੁਟ ਦਿਤਾ ਗਿਆ। ਬਾਕੀ ਦਿਆਂ ਨੂੰ ਗ੍ਰਿਫਤਾਰ ਕਰਕੇ ਮੋਟਰ ਵਿਚ ਬਿਠਾਇਆ ਗਿਆ ਤੇ ਦਸਿਆ ਕਿ ਉਨ੍ਹਾਂ ਨੂੰ ਲਾਹੌਰ ਭੇਜਿਆ ਗਿਆ ਹੈ ਪਰ ਪਰ ਉਨ੍ਹਾਂ ਦਾ ਹੁਣ ਤੀਕ ਕੋਈ ਪਤਾ ਨਹੀਂ ਲਗ ਸਕਿਆ॥

ਮਿਲਟ੍ਰੀ ਵਾਲਿਆਂ ਨੇ ਕੁਝ ਆਦਮੀਆਂ ਪਾਸੋਂ ੩੦੦੦੦) ਵਢੀ ਲੈਕੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਕਢਿਆ॥

ਡਿਸਟ੍ਰਿਕਟ ਬੋਰਡ ਦੇ ਵੈਟਰਨਟੀ ਹਸਪਤਾਲ ਦੇ ਡਾਕਟ੍ਰ (ਜਿੰਨ੍ਹਾਂ ਦਾ ਨਾਮ ਯਾਦ ਨਹੀਂ ਅਤੇ ਜੋ ਰਾਵਲਪਿੰਡੀ ਦੇ ਇਲਾਕੇ ਵਿਚ ਤਬਾਹ ਹੋਕੇ ਆਏ ਸਨ, ਉਸ ਦੀ ਔਰਤ ਮੁਸਲਮਾਨਾਂ ਨੇ ਖੋਹ ਲਈ ਸੇ ਬਚੇ ਡਾਕਟ੍ਰ ਨੂੰ ਮੋੜ ਦਿਤੇ। ਹੋਰ ਕਈ ਹਿੰਦੂ ਤੇ ਸਿੱਖ ਲੜਕੀਆਂ ਮਿਲਟ੍ਰੀ ਦੀ ਮੌਜੂਦਗੀ ਵਿਚ ਚੁਕੀਆਂ ਗਈਆਂ।

ਬਹੁਤ ਸਾਰੇ ਮਕਾਨਾਂ ਨੂੰ ਅਗਾਂ ਲਾਈਆਂ ਗਈਆਂ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਇਤਹਾਸਕ ਗੁਰਦਵਾਰੇ ਨੂੰ ਸਾੜਿਆ ਗਿਆ। ਗੁਰਦਵਾਰੇ ਦਾ ਕਲਸ ਤੇ ਨਿਸ਼ਾਨ ਸਾਹਿਬ ਲਾਹ ਲਏ ਗਏ॥

ਪਹਿਲੇ ਦਿਨ ੨੦ ਅਗਸਤ ਨੂੰ ਕੋਈ ੨੦ ਆਦਮੀ ਮਾਰੇ ਗਏ। ਦੂਸਰੇ ਦਿਨ ਫਿਰ ਹਮਲਾ ਹੋਇਆ। ਦੋਹਾਂ ਦਿਨਾਂ ਵਿਚ ਪਡਾਣੇ ਦੇ ੭੫ ਆਦਮੀ ਕਤਲ ਕੀਤੇ ਗਏ। ਸ਼ਹੀਦ ਹੋਇਆਂ ਵਿਚੋਂ ਕੁਝ ਕੁ ਦੇ ਨਾਂ ਇਹ ਹਨ:-
੧. ਨੰਬਰਦਾਰ ਤੇਜਾ ਸਿੰਘ, ੨. ਤਾਰਾ ਸਿੰਘ (ਭਤੀਜਾ ਤੇਜਾ ਸਿੰਘ), ੩. ਹਰੀ ਸਿੰਘ, ੪. ਲਾਭ ਸਿੰਘ ਦਫੇਦਾਰ, ੫. ਕਰਮ ਸਿੰਘ, ੬. ਫੂਲਾ ਸਿੰਘ ਨੰਬਰਦਾਰ, ੭. ਪ੍ਰੀਤਮ ਸਿੰਘ, ੮ ਲਹਿਣਾ ਸਿੰਘ ੯. ਚੌਧਰੀ ਮੂਲਾ ਸਿੰਘ ੧੦. ਬੂਟਾ ਸਿੰਘ ੧੧. ਮੋਹਣ ਸਿੰਘ, ੧੨. ਨਾਰਾਇਣ ਸਿੰਘ ੧੩. ਗੁਲਾਬ ਕੌਰ॥

੨੦ ਤੇ ੨੧ ਅਗਸਤ ਨੂੰ ਭੜਾਣੇ ਦੀ ਸਾਰੀ ਸਿੱਖ ਆਬਾਦੀ ਉਜੜ ਕੇ ਨੁਸ ਹਿਰੇ ਵਾਲੇ (ਜ਼ਿਲਾ ਅੰਮ੍ਰਿਤਸਰ) ਦੀ ਹਦ ਉਤੇ ਆ ਗਏ। ਮੁਸਲਮਾਨਾਂ ਦੇ ਹਮਲੇ ਸਮੇਂ ਮਿਲਟ੍ਰੀ ਦੀ ਸਹਾਇਤਾ ਲਈ ਅਫਸਰਾਂ ਨੂੰ ਇਤਲਾਹ ਦਿਤੀ ਗਈ ਪਰ ਕੋਈ ਸੁਣਾਈ ਨਹੀਂ।

ਇਸ ਵਕਤ ਭੜਾਣੇ ਦੇ ਆਦਮੀ ਪੰਜਵੜ ਸੁਰ ਸਿੰਘ ਡੁਬਾਲ ਤੇ ਗਰੋਮਾਲ ਜ਼ਿਲਾ ਅੰਮ੍ਰਿਤਸਰ ਦੇ ਪਿੰਡਾਂ ਵਿਚ ਹਨ।

ਸ੍ਰਦਾਰ ਸਰਦੂਲ ਸਿੰਘ ਜੀ ਭੜਾਣੀਆ ਐਮ:ਐਲ:ਏ: ਬਚ ਕੇ ਆ ਗਿਆ ਹੈ। ਉਹ ਸਰੰਦਾਰ ਹਰਦਿਤ ਸਿੰਘ ਜੀ ਪੰਜਵੜ ਦੇ ਪਾਸ ਹੈ॥

****** * * * * * * * * * *******

ਬਿਆਨ ਸ੍ਰਦਾਰ ਅਮ੍ਰੀਕ ਸਿੰਘ, ਗੁਰਮੁਖ ਸਿੰਘ, ਕਥਾ ਸਿੰਘ, ਗੁਰਦੀਪ ਸਿੰਘ, ਧਾਲ ਸਿੰਘ, ਨਰਿੰਜਨ ਸਿੰਘ, ਪਿੰਡ ਹੀਦਾਲ ਤਹਿਸੀਲ ਚੂਣੀਆਂ ਜ਼ਿਲਾ ਲਾਹੌਰ॥

------ ------

੧. ੨੪ ਅਗਸਤ ੧੯੪੭ ਨੂੰ ਕੋਈ ਦਸ ਹਜ਼ਾਰ ਮੁਸਲਮਾਨਾਂ ਨੇ ਪੋਲੀਸ ਤੇ ਮਿਲਟ੍ਰੀ ਸਮੇਤ ਸਾਡੇ ਪਿੰਡ ਤੇ ਹਮਲਾ ਕੀਤਾ। ਪਹਿਲੇ ਹਲੇ ਵਿਚ ਸਾਡੇ ਆਦਮੀ ਘਟ ਮਰੇ, ਅਸੀਂ ਮੁਕਾਬਲਾ ਕੀਤਾ॥

੨. ੨੪ ਅਗਸਤ ਨੂੰ ਸਵੇਰੇ ਅਸੀਂ ਪਿੰਡੋਂ ਡਰ ਕੇ ਤੁਰ ਪਏ। ਫਿਰ ਰਾਜਾ ਜੰਗ ਤੇ ਭੀਖਿਆਂ ਦੇ ਵਿਚਾਕਾਰ ਸਾਡੇ ਚਾਲੀ ਮੰਡੇ ਲੁਟੇ ਗਏ॥ ਰਸਤੇ ਵਿਚ ਮੁਸਲਮਾਨਾਂ ਨਾਲ ਟੱਕਰ ਹੁੰਦੀ ਰਹੀ। ਇਸ ਵਿਚ ਕੋਈ ੧੦੦ ਸਿੰਘ ਸ਼ਹੀਦ ਹੋਏ।

੩. ਪਿੰਡ ਖਾਰੇ ਦੇ ਪਾਸ ਮੁਸਲਮਾਨਾਂ ਨੇ ਦੂਸਰਾ ਹਮਲਾ ਕੀਤਾ, ਅਸੀ ਮੁਕਾਬਲਾ ਕਰਦੇ ਰਹੇ। ਇਸ ਵਿਚ ੩੦-੩੫ ਸਿੰਘ ਤੇ ਮਾਈਆਂ ਬੀਬੀਆਂ ਸ਼ਹੀਦ ਹੋਈਆਂ। ੩੫ ਗਡੇ ਲੁਟੇ ਗਏ॥

੪. ਲਲਿਆਣੀ ਦੇ ਪਾਸ ਸਾਡਾ ਵਹੀਰ ਸੜਕ ਤੇ ਜਾ ਰਿਹਾ ਸੀ। ਉਥੇ ਮੁਸਲਿਮ ਮਿਲਟ੍ਰੀ ਨੇ ਮਸ਼ੀਨ ਗਨ ਚਲਾ ਕੇ ਬਹੁਤ ਸਾਰੇ ਆਦਮੀ ਮਾਰ ਦਿਤੇ। ਉਥੇ ਕੋਈ ਪੰਦਰਾਂ ਮਿੰਟ ਸਾਡੇ ਤੇ ਗੋਲੀ ਚਲਦੀ ਰਹੀ।

੫. ਅਗੇ ਚਲਕੇ ਪਿੰਡ ਰਾਜੋਕੀ ਪੁਜੇ। ਹੁਣ ਰਾਜੋਕੀ ਤੋਂ ਲਖਣਾ ਆਦਿਕ ਪਿੰਡਾਂ ਵਿਚ ਇਕੇ ਹੋਏ ਹਾਂ।

੬. ਕੋਟ ਰਾਧਾ ਰਾਮ ਵਿਚ ਗੋਰਖਾ ਮਿਲਟ੍ਰੀ ਰੰਹਿੰਦੀ ਸੀ। ਉਸ ਕੋਲ ਗਏ ਕਿ ਮਦਦ ਕਰੇ, ਇਹਨੇ ਨੂੰ ਲੁਟ ਮਾਰ ਕਰਦੇ ਮੁਸਮਾਨ ਵੀ ਵਧ ਆਏ। ਪਰ ਗੋਰਖਿਆਂ ਨੇ ਉਤਰ ਦਿਤਾ, ਕਿ ਸਾਨੂੰ ਅਫਸਰਾਂ ਦਾ ਹੁਕਮ ਹੈ ਕਿ ਮੁਸਲਮਾਨਾਂ ਤੇ ਗੋਲੀ ਨਹੀਂ ਚਲਾਣੀ। ਸਾਡੇ ਪਾਸ ਇਤਨਾਂ ਦਾਰੂ ਭੀ ਨਹੀਂ ਕਿ ਰੋਕ ਪਾ ਸਕੀਏ। ਮੁਸਲਿਮ ਮਿਲਟ੍ਰੀ ਕੋਲ ਮਸ਼ੀਨ ਗੰਨਾਂ ਹਨ। ਅਸੀ ਕੀ ਕਰ ਸਕਦੇ ਹਾਂ? ਇਸ ਤਰ੍ਹਾਂ ਮੁਸਲਿਮ ਮਿਲਟ੍ਰੀ ਤੇ ਹਜੂਮ ਨੇ ਮਿਲ ਕੇ ਜਿਸ ਦੇ ਵਿਚ ਨੈਸ਼ਨਲ ਗਾਰਡ ਵੀ ਸੀ, ਨੇ ਸਾਡੀ ਤਬਾਹੀ ਕੀਤੀ।

੭. ਸਾਡੇ ਪਿੰਡ ਸਿੰਘਾਂ ਦੀ ਛੇ ਹਜ਼ਾਰ ਘੁਮਾਂ ਜ਼ਮੀਨ ਸੀ। ਲਾਲਆਣੀ ਵਧਾਊਹ ਤੇ ਸਾਡੇ ਪਿੰਡਾਂ ਵਿਚ ਮਿਲਟ੍ਰੀ ਨੇ ਜੋ ਤਬਾਹੀ ਕੀਤੀ ਹੈ ਉਸ ਦੇ ਕਾਰਨ ਹਵੇਲੀਆਂ ਲਾਸ਼ਾਂ ਨਾਲ ਭਰੀਆਂ ਪਈਆਂ ਹਨ।

ਇਲਾਕਾ ਕਸੂਰ ਜ਼ਿਲਾ ਲਾਹੌਰ ਤੁਤੇ ਅਸਾਹ ਅਤਿਜਾਚਾਰ

****

<u>ਪਿੰਡ ਤੁਰਾੜੇ ਉਤੇ ਘੋਰ ਜ਼ੁਲਮ</u>ः-

੧੭ ਅਗਸਤ ਨੂੰ ਜਦੋਂ ਕਿ ਹਦ ਬੰਦੀ ਦਾ ਫੈਸਲਾ ਰੇਡੀਊ ਲਾਹੌਰ ਤੇ ਸੁਣਾਇਆ । ੧੮ ਤ੍ਰੀਕ ਨੂੰ ਕਸੂਰ ਸ਼ਹਿਰ ਵਿਚ ਸੈਂਕੜੇ ਮੁਸਲਮਾਨਾਂ ਨੇ ਹਮਲਾ ਕਰਕੇ ਸਿੱਖਾਂ ਹਿੰਦੂਆਂ ਨੂੰ ਚੁਣ ਚੁਣ ਕੇ ਮਾਰਨਾਂ ਸ਼ੁਰੂ ਕਰ ਦਿਤਾ ਅਤੇ ਲੁਟ ਪੁਟ ਜਾਰੀ ਕਰ ਦਿਤੀ ਜੋ ਭੀ ਹਿੰਦੂ ਤੇ ਸਿੱਖ ਦਿਸਿਆ ਬਾਜ਼ਾਰਾਂ ਵਿਚ ਚੱਕਰ ਲਗਾ ਕੇ ਜਾਨੋਂ ਮਾਰ ਦਿਤਾ, ਅਤੇ ਨਾਲ ਹੀ ਲੁਟ ਪੁਟ ਪਾ ਦਿਤੀ। ਬਲਕਿ ਜੋ ਭੀ ਸਿੱਖ ਬਾਹਰੋਂ ਪਿੰਡਾਂ ਵਿਚੋਂ ਕਿਸੇ ਕੰਮ ਲਈ ਸ਼ਹਿਰ ਵਿਚ ਜਾਂਦਾ ਉਹ ਬਚ ਕੇ ਨਾ ਆਉਂਦਾ । ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਸਾੜ ਦਿਤਾ ਅਤੇ ਗ੍ਰੰਥੀ ਮਾਰ ਦਿਤਾ। ਇਸ ਤੋਂ ਬਾਦ ਲਾਗੇ ੨ ਦੇ ਪਿੰਡਾਂ ਵਿਚ ਹਜ਼ਾਰਾਂ ਜਥੇਬੰਦ ਤੇ ਹਥਿਆਰਬੰਦ ਮੁਸਲਮਾਨਾਂ ਨੇ ਨੈਸ਼ਨਲ ਗਾਰਡ ਦੀ ਮਦਦ ਨਾਲ ਹਮਲੇ ਕਰਨੇ ਸ਼ੁਰੂ ਕਰ ਦਿਤੇ। ਪਿੰਡ ਲਲਿਆਨੀ ਤਬਾਹ ਕਰ ਦਿਤਾ ਗਿਆ। ਕਈ ਦਰਜਨਾਂ ਪਤਵੰਤੇ ਸਜਣਾਂ ਨੂੰ ਮਾਰ ਦਿਤਾ ਗਿਆ। ਤੇ ਘਰ ਬਾਰ ਲੁਟ ਪੁਟ ਕੇ ਅਗਾਂ ਲਾ ਦਿਤੀਆਂ ਗਈਆਂ ਕਈ ਸ਼ਰੀਫ ਲੜਕੀਆਂ ਦੀ ਬੇ-ਪਤੀ ਕੀਤੀ ਗਈ। ਕਈ ਅਗਵਾਹ ਕਰ ਲਈਆਂ ਗਈਆਂ। ਪਿੰਡ ਬੁੰਗਾ ਮਾਂਨਾਂ ਵਾਲੇ ਭੀਲੇ ਖਾਰਾ ਅਨੀਲ ਪੁਰ ਰਾਜਾ ਜੰਗ ਸਹਾਰੀ ਤੇ ਸਹਾਰੀਂ ਦੀਆਂ ਹਵੇਲੀਆਂ ਉਤੇ ਹਮਲੇ ਕਰਕੇ ਕਈ ਸਿੱਖ ਮਾਰੇ ਤੇ ਲੁਟੇ ਪੁਟੇ ਗਏ।। ੨੨ ਅਗਸਤ ਨੂੰ ਪਿੰਡ ਤੁਰਾੜੇ ਜਥੇਦਾਰ ਚੰਨਣ ਸਿੰਘ ਜੀ ਦੇ ਪਿੰਡ ਉਤੇ ਲਾਗੇ ੨ ਦੇ ਪਿੰਡਾਂ ਤੁਤੇ ਲਾਗੇ ਲਾਗੇ ਦੇ ਪਿੰਡਾਂ ਦੇ ਮੁਸਲਮਾਨਾਂ ਨੇ ਹਜ਼ਾਰਾਂ ਦੀ ਤਾਦਾਦ ਵਿਚ ਸ਼ਸਤਰ-ਬੰਦ ਹੋ ਕੇ ਲੀਗੀ ਮਿਲਟ੍ਰੀ ਦੀ ਮਦਦ ਨਾਲ ਹਮਲੇ ਦਾ ਪੱਕਾ ਸੁਨੇਹਾ ਘਲਿਆ ਜਿਸ ਤੋਂ ਦੋਵੇਂ ਤੁਰਾੜੇ ਭਰੇ ਭਰਾਏ ਘਰ ਛਡਕੇ ਗਡੀ ਜੋ ਕੇ ਬਾਲ ਬਚੇਤੇ ਜਾਂਨਾਂ ਲੈਕੇ ਹਿੰਦੁਸਤਾਨ ਨੂੰ ਟੁਰ ਪਏ। ਪਿੰਡ ਛਡਣ ਦੀ ਦੇਰ ਹੋਈ ਜੋ ਪਿੰਡ ਦੇ ਮੁਸਲਮਾਨਾਂ ਦੇ ਸਭ ਸਿੰਘਾਂ ਦੇ ਘਰ ਲੁਟ ਪੁਟ ਲਏ। ਕਈ ਹਿੰਦੂ ਜ਼ਨਾਨੀਆਂ ਨੂੰ ਜਬਰਨਘਰੀਂ ਪਾ ਲਿਆ, ਕਈਆਂ ਬੀਬੀਆਂ ਦੀ ਬੇ-ਪਤੀ ਕੀਤੀ ਗਈ । ਜਿਹੜੇ ਕੁਝ ਸਿੰਘ ਪਿਛੇ ਰਹੇ ਗਏ ਸਨ ਦੂਸਰੇ ਦਿਨ ਜਦ ਉਹ ਭੀ ਗਡਾਂ ਜੋਕੇ ਚਾਲੇ ਪਿੰਡੋਂ ਬਾਹਰ ਵਡਾਣੇ ਲਖਣੇ ਕੇ ਤੇ ਹੋਰ ਕਈ ਪਿੰਡਾਂ ਦੇ ਅਰ ਤੁਰਾੜੇ ਦੇ ਮੁਸਲਮਾਨਾਂ ਨੇ ਲੀਗ ਮਿਲਟ੍ਰੀ ਦੀ ਮਦਦ ਨਾਲ ਹਮਲਾ ਕਰਕੇ ਤੁਰਾੜੇ ਦੇ ਤਕਰੀਬਨ ੩੦-੪੦ ਸਿੰਘ ਇਸਤ੍ਰੀਆਂ ਬਿਰਧ ਨੌਜਵਾਨ ਮਾਰ ਦਿਤੇ ਨਕਦੀ ਅਤੇ ਸਾਰਾ ਸਾਮਾਨ ਖੋਹ ਕੇ ਲੁਟ ਪੁਟ ਲਿਆ। ਏਥੇ ਤੁਰਾੜੇ ਦੇ ਕਈ ਸਿੰਘਾਂ ਨੇਂ ਜਾਂਨਾਂ ਹੂਲਕੇ ਡਟਕੇ ਜੰਗ ਭੀ ਕੀਤਾ। ਕੁਝ ਮੁਸਲਮਾਨਾਂ ਨੂੰ ਭੀ ਮਾਰੇ ਗਏ, ਪ੍ਰੰਤੂ ਮਿਲਟ੍ਰੀ ਨੇ ਭੂੰਨ ਕੇ ਰਖ ਦਿਤਾ। ਇਸ ਘਲੂ ਘਾਰੇ ਵਿਚ ਸ੍ਰ: ਸੇਵਾ ਸਿੰਘ ਜੀ , ਭਾਈ ਕਿਸ਼ਨ ਸਿੰਘ ਜੀ ਪ੍ਰਸਿੱਧ ਢਾਡੀ ਤੇ ਪ੍ਰਚਾਰਕ ਜ਼ਖਮੀ ਹੋਏ। ਸੂਦਾਰ ਤੇਜਾ ਸਿੰਘ ਜੀ ਬੀ: ਏ: ਤੁਰਾੜਾ ਨੇ ਡਟ ਕੇ ਬੰਦੂਕ ਨਾਲ ਮੁਕਾਬਲਾ । ੮/੧੦ ਮੁਸਲਮਾਨ ਮਾਰੇ ਹਨ। ਅਖੀਰ ਕੁਖਾਂਵਾਲੇ ਦੇ ਮੁਸਲਮਾਨਾਂ ਨੇ ਕੁਝ ਵੱਢੀ ਲੈ ਕੇ

ਛਡ ਦੇਣ ਦਾ ਇਕਰਾਰ ਕਰਕੇ ਸੁਤੋਕੇ ਪਿੰਡ ਨੂੰ ਲੈ ਗਏ, ਪ੍ਰੰਤੂ ਉਹਨਾਂ ਦਾ ਅਜੇਕੋਈ ਪਤਾ ਨਹੀਂ ਕਿ ਉਹ ਜ਼ਿੰਦਾ ਹਨ ਕਿ ਸ਼ਹੀਦ ਕਰ ਦਿਤੇ ਹਨ। ਪਿੰਡ ਉਰਾੜੇ ਦੀ ਭਿਆਨਕ ਤਬਾਹੀ ਹੋਈ ਹੈ ਤੇ ਏਥੇ ਸਖ਼ਤ ਜ਼ੁਲਮ ਹੋਇਆ ਹੈ। ਉਰਾੜੇ ਤੇ ੨੫ ਨੌਜਵਾਨ ਸਿੰਘਾਂ ਨੂੰ ਲੀਗ ਮਿਲਟ੍ਰੀ ਫੜਕੇ ਕਸੂਰ ਲੈ ਗਈ। ਉਥੋਂ ਛਡ ਕੇ ਹਜ਼ਾਰਾਂ ਮੁਸਲਮਾਨਾਂ ਨੂੰ ਮਗਰ ਪੁਵਾ ਦਿਤਾ। ੨੦ ਮਾਰ ਦਿਤੇ ਗਏ। ਦਸੀਦੇ ਹਨ ਇਹ ਹੈ ਤਹਿਸੀਲ ਕਸੂਰ ਦੇ ਇਲਾਕੇ ਦਾ ਹਾਲ। ਭਾਂਵੇਂ ਸਿੰਘ ਕਾਫੀ ਤਿਆਰ ਬਰ ਤਿਆਰ ਸਨ ਤੇ ਇਨ੍ਹਾਂ ਨੇ ਡਟ ਕੇ ਜੰਗ ਭੀ ਕੀਤੇ ਪ੍ਰੰਤੂ ਮੁਸਲਮਾਨਾਂ ਦੀ ਬਹੁ ਗਿਣਤੀ ਤੇ ਖਾਸ ਕਰਕੇ ਲੀਗ ਮਿਲਟ੍ਰੀ ਨੇ ਉਰਾੜੇ ਤੇ ਇਲਾਕੇ ਦਾ ਜਾਣ ਬੁਝਕੇ ਬਹੁਤ ਬੁਰੀ ਤਰ੍ਹਾਂ ਖਾਤਮਾਂ ਕੀਤਾ।।

ਦਾਸ ਗਿਆਨੀ ਪੂਰਨ ਸਿੰਘ ਉਹਾੜਾ,
ਪ੍ਰਚਾਰਕ ਸ੍ਰ:ਕਮੇਟੀ, ਅੰਮ੍ਰਿਤਸਰ।।

File 12 (1946-49) 65

੧ੴ ਸ੍ਰੀ ਵਹਿਗੁਰੂ ਜੀ ਕੀ ਫ਼ਤਹ॥

ਨੰ: ਨਾਮ ਪਿੰਡ	ਮਾਰੇ ਗਏ	ਕਿਤਨੇ ਮਕਾਨ ਸਾੜ੍ਹੇ ਗਏ	ਕਿਤਨੇ ਮਕਾਨ ਲੁਟੇ ਗਏ	ਕਿਤਨੇ ਆਦਮੀ ਮੁਸਲਮਾਨ ਬਣਾਏ	ਕੈਫੀਅਤ
੧. ਬੁਧੋਵਾਲ	੧	੧੫	੨੫੦	੧੪	ਲੋਕਾਂ ਨੇ ਮਿਲਟ੍ਰੀ ਦੀ ਮਦਦ ਨਾ ਨਾਲ ਔਰਤਾਂ ਤੇ ਮਰਦਾਂ ਨੂੰ ਜਾਨੋਂ ਬਚਾ ਲਿਆ॥
੨. ਸੰਗਰਾਲ	---	੩	੧੬	੭੦	---------------
੩. ਚਕਰੀ	-੫-	੩੦੦	੨੦	੬	ਹੋਣਸੋਂ ਸਾਰੀ ਬਚ ਗਈ ਹੈ॥ ਗੁਰਦਵਾਰਾ ਹਾਲੇ ਨਹੀਂ ਜਲਿਆ॥
੪. ਪੜ੍ਯਾਲ	੧੫੭	੫੦	ਸਾਰੇ ਘਰ	--	ਤਿੰਨ ਗੁਰਦਵਾਰੇ ਸਾੜ੍ਹੇ ਗਏ॥
੫. ਢੇਰੀ	੧੩	੧੫	੬੦	੧੫੦	ਤਿੰਨ ਅਗਵਾ ਹੋਏ॥
੬. ਗੰਗਾਵਾਲੀ	੩	੫੦	੯੦	੧੦੦	ਮੁਸਲਮਾਨ ਹੋਇਆਂ ਵਿਚੋਂ ਕੁਝ ਤੀਵੀਆਂ ਭੀ ਹਨ॥ ਭਗਤ ਸਿੰਘ ਬਲਵਾਈਆਂ ਨਾਲ ਲੜ ਕੇ ਸ਼ਹੀਦ ਹੋਇਆ॥
੭. ਸਰਵੀਆਂ	--	--	੩੦	------	ਸਿਰਫ ਗੁਰਦਵਾਰਾ ਜਲਾਇਆ ਗਿਆ ਹੈ॥
੮. ਘੇਲ ਕਲਾਂ	੨	੧੩	੧੪	੭੦ ਆਦਮੀ ਔਰਤਾਂ ਮੁਸਲਮਾਨ ਬਣਾਏ।	੨ ਗੁਰਦਵਾਰੇ ਸਾੜ੍ਹੇ ਗਏ॥
੯. ਢਲਿਆੜ	--	੨	੯	੧੦ ਮਰਦ ਔਰਤਾਂ।	੨ ਗੁਰਦਵਾਰੇ ਸਾੜ੍ਹੇ ਗਏ॥
੧੦. ਢਡੇੜ	---	੭	੭੫	੧੬	੧ ਗੁਰਦਵਾਰਾ ਸਾੜਿਆ ਗਿਆ॥
੧੧ ਢੁਡੰਬਰ	੯੬	੫੮	੬੦	੭੫	੨ ਗੁਰਦਵਾਰੇ ਸਾੜ੍ਹੇ ਗਏ॥
੧੨. ਮਜਾਹਦ	੪	੬	੫੦	੫੦	੪ ਲੜਕੀਆਂ ਦਾ ਪਤਾ ਨਹੀਂ। ਗੁਰਦਵਾਰੇ ਸਾੜ੍ਹੇ ਗਏ॥
੧੩. ਢੇਰੀ ਚੁੜਾ	--	੨	੧੨	੬੩	ਇਕ ਗੁਰਦਵਾਰਾ ਲੁਟਿਆ ਗਿਆ
੧੫. ਸਿਹਾਲ	--	੧	--	੧	" " " "
੧੬. ਤਤਰਾਲ	੧	੫	੨੦	੭੦	" " " "
੧੭. ਚਕ ਬੇਲੀ ਖਾਨ	--	੫	੭੦	੨੦੦	-- -- --
੧੮ ਰਾਜੜ	੧੮੫	੧੨੫	੧੫੦	੯੦	੧੦ ਲੜਕੀਆਂ ਅਗਵਾ ਕੀਤੀਆਂ ਗਈਆਂ॥ ੫ ਵਾਪਸ ਆ ਗਈਆਂ
੧੯. ਤਲਾ ਬਾਜੜ	੮੨	੩੦	੩੦	੩੦	੫ ਗੁਰਦਵਾਰੇ ਸਾੜ੍ਹੇ ਗਏ॥

****** ****** ******
* *
*

ੴ ਸ੍ਰੀ ਵਾਹਿਗੁਰੂ ਜੀ ਕੀ ਫਤਿਹ॥

ਫਹਿਰਿਸਤ ਪੀੜਤ ਪਿੰਡਾਂ ਤਹਿਸੀਲ ਹਸਨ ਅਬਦਾਲ, ਜ਼ਿਲਾ ਅਟਕ॥

ਨੰ: ਨਾਮ	ਮਾਰੇ ਗਏ	ਮਕਾਨ ਸਾੜੇ ਗਏ।	ਲੁਟੇ ਗਏ	ਮੁਸਲਮਾਨ ਬਣਾਏ ਗਏ	ਕੈਫੀਅਤ
੧. ਕੋਟ ਦਾਊਦ	੧	੩	੩	-----	ਸਾਧੂ ਸਿੱਖ ਕਤਲ ਹੋਇਆ॥
੨. ਜੰਡ	੧੨	ਸਾਰੇ ਮਕਾਨ ਸਾੜ ਦਿਤੇ॥	੨੦੦		੧੫ ਲੜਕੀਆਂ ਅਗਵਾ ਕੀਤੀਆਂ ਗਈਆਂ॥
੩. ਖੰਡਾ	੪	੫੦	੩੦	------	------------------
੪. ਠਿਆਲ	੩੬	੫੦	੫੦	------	------------------
੫. ਬਸਾਲ	੪੬	੧੦੦	੧੦੦	-------	ਇਕ ਮੰਦਰ ਤੇ ਇਕ ਗੁਰਦਵਾਰਾ ਸਾੜ ਦਿਤਾ ਗਿਆ।।
੬. ਡੋਮੇਲ	੧੨	੧੫੦	੧੫੦	-------	" " " " "
੭. ਕਸਰਾਂ	੧	੫੦	੫੦	~~੨੫ ਮੁ~~ਸਲਮਾਨ ਬਣਾਏ ਗਏ॥	ਗੁਰਦਵਾਰਾ ਸਾੜਿਆ ਗਿਆ॥
੮. ਛੜੀ	੧	੭	੨੫	੧੨	" " "
੯. ਅਛੂਰੀ	੪	੨੬	੨੬	--	" " "
੧੦. ਬੇਲਾ	-	੩	੪	--	" " "
੧੧. ਰੋਰਾ	-	੩	੩	—	" " "

*** **** ***

ਤਹਿਸੀਲ ਪਿੰਡੀ ਘੇਪ ਥਾਨਾ ਮੁਖੜ

੧. ਅੰਜਰਾਹ	--	੩	੩	---	" " "
੨. ਦਖਨੇਰ	--	੩	੩	---	" " "
੩. ਚਕੀ	੫	੬	੬	---	" " "
੪. ਸੁਰਗ	--	੫੦	੫੦	---	" " "
੫. ਕਨਟ	---	੧੦	੧੦	---	ਏ " "
੬. ਜੀ ਸ਼ਾਹ ਦਲਾਵਰ	---	੩	੧੨੦	--	" " "
੭. ਮਲਤਾਨ	---	੨	੬	---	" " "

****

* * * *

le 2013 (1946-49)

67

੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਜ਼ਾਰਾਂ ਬੇ-ਗੁਨਾਹ ਸਿੱਖਾਂ ਦਾ ਖ਼ੂਨ

****

ਅੱਟਕ, ਰਾਵਲਪਿੰਡੀ ਤੇ ਜਹਿਲਮ ਦੇ ਪਿੰਡਾਂ ਦੇ ਪਿੰਡ ਸਾੜ੍ਹੇ ਤੇ ਸੁਆਹ ਕਰ ਦਿਤੇ ਗਏ॥

ਸਿੰਘੋ! ਪੜ੍ਹੋ ਤੇ ਸੋਚੋ, ਤੁਸਾਂ ਕੀ ਕਰਨਾ ਹੈ?

ਪਿਆਰੇ ਖਾਲਸਾ ਜੀ,

੫ ਮਾਰਚ ੧੯੪੭ ਤੋਂ ਪੰਜਾਬ ਵਿਚ ਪਾਕਿਸਤਾਨ ਕਾਇਮ ਕਰਨ ਲਈ ਸਿੱਖਾਂ ਪੁਰ ਜੋ ਧਾਵਾ ਸ਼ੁਰੂ ਹੋਇਆ ਹੈ, ਉਸਦੀਆਂ ਅਸਲ ਖ਼ਬਰਾਂ ਅਜੇ ਤਕ ਅਖ਼ਬਾਰਾਂ ਵਿਚ ਨਹੀਂ ਆ ਸਕੀਆਂ, ਕਿਉਂਕਿ ਸਰਕਾਰ ਨੇ ਪਾਬੰਦੀਆਂ ਲਾਈਆਂ ਹੋਈਆਂ ਹਨ। ਕਿਸੇ ਖ਼ਬਰ ਨੂੰ ਕਿਸੇ ਤਰੀਕੇ ਨਾਲ ਭੀ ਬਾਹਰ ਨਹੀਂ ਨਿਕਲਣ ਦਿਤਾ ਜਾਂਦਾ। ਅੱਟਕ, ਰਾਵਲਪਿੰਡੀ ਤੇ ਜਿਹਲਮ ਦੇ ਜ਼ਿਲਿਆਂ ਵਿਚ ਸਿੱਖਾਂ ਦੀ ਆਬਾਦੀ ਬਹੁਤ ਥੋੜੀ ਹੈ। ਪਰ ਉਹ ਬੜੀਆਂ ੨ ਜਾਇਦਾਦਾਂ ਦੇ ਮਾਲਕ ਹਨ। ਜਿਥੇ ਕਿਥੇ ਭੀ ਸਿੱਖਾਂ ਦੀ ਵਸੋਂ ਹੈ, ਉਥੇ ਉਨ੍ਹਾਂ ਦੀਆਂ ਆਲੀਸ਼ਾਨ ਇਮਾਰਤਾਂ ਨਿਹਾਇਤ ਸੁੰਦਰ ਗੁਰਦਵਾਰੇ, ਤੇ ਸਿੱਖਾਂ ਦੀ ਰਹਿਣੀ ਬਹਿਣੀ ਇਸ ਗਲ ਦਾ ਸਬੂਤ ਹੈ ਕਿ ਉਹ ਲੋਕ ਕਿੰਨੇ ਖ਼ੁਸ਼ਹਾਲ ਸਨ॥ ਪ੍ਰੰਤੂ ਅਜ ਸਾਰੇ ਪੋਠੋਹਾਰ ਤੇ ਜ਼ਿਲਾ ਅੱਟਕ, ਜਿਹਲਮ ਵਿਚ ਕੋਈ ਟਾਂਵਾਂ ਹੀ ਪਿੰਡ ਦਿਖਾਈ ਦਿੰਦਾ ਹੈ, ਜਿੱਥੇ ਕੋਈ ਸਿੱਖ ਰਹਿ ਗਿਆ ਹੋਵੇ। ਹਜ਼ਾਰਾਂ ਸਿੱਖਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ ਹੈ, ਹਜ਼ਾਰਾਂ ਸਿੱਖ ਇਸਤ੍ਰੀਆਂ ਤੇ ਲੜਕੀਆਂ ਦੀ ਬੇ-ਪਤੀ ਕੀਤੀ ਗਈ ਹੈ। ਬੇਸ਼ੁਮਾਰ ਸਿੱਖ ਲੜਕੀਆਂ ਨੂੰ ਜ਼ਬਰਦਸਤੀ ਉਠਾਕੇ ਲੈ ਗਏ ਹਨ॥ ਹਜ਼ਾਰਾਂ ਨੂੰ ਜ਼ਬਰ ਨਾਲ ਮੁਸਲਮਾਨ ਬਣਾ ਲਿਆ ਗਿਆ ਹੈ। ਗੁਰਦਵਾਰੇ ਸਾੜ੍ਹੇ ਗਏ ਹਨ॥ ਸਿੱਖਾਂ ਦੇ ਸਾਰੇ ਪਿੰਡਾਂ ਵਿਚ ਘਰਬਾਰ ਲੁਟਕੇ ਪਿਛੋਂ ਅਗ ਦੀ ਭੇਟਾ ਕੀਤੇ ਗਏ ਹਨ। ਇਹ ਖ਼ੂਨੀ ਦਾਸਤਾਨ ਜ਼ਰਾ ਦਿਲ ਨੂੰ ਸੰਭਾਲਕੇ ਸੁਨਣ ਵਾਲੀ ਹੈ॥ ਸੁਨਣ ਵਾਲਿਆਂ ਦੇ ਰੌਂਗਟੇ ਖੜੇ ਹੋ ਜਾਂਦੇ ਹਨ ਤੇ ਅੱਖਾਂ ਰੋਹ ਨਾਲ ਲਾਲ ਹੋ ਜਾਂਦੀਆਂ ਹਨ॥

ਖਾਲਸਾ ਜੀ, ਇਨ੍ਹਾਂ ਜ਼ਿਲਿਆਂ ਦੇ ਸੈਂਕੜੇ ਪਿੰਡ ਜਿਸੇ ਸਿੰਘਾਂ ਦੀ ਵਸੋਂ ਸੀ ਅਜ ਲੁਟ ਪੁਟ ਕੇ ਸਾੜ ਸੁਆਹ ਕਰ ਦਿਤੇ ਗਏ ਹਨ॥ ਇਹ ਸਭ ਕੁਝ ਇਕ ਸਕੀਮ ਦੇ ਅਧੀਨ ਹੀ ਕੀਤਾ ਗਿਆ ਹੈ। ਸਾਰੇ ਪਿੰਡਾਂ ਵਿਚ ਪਹਿਲੇ ਤਾਂ ਸਥਾਨਕ ਮੁਸਲਮਾਨ ਸਿੱਖ ਵਸੋਂ ਨੂੰ ਇਹ ਭਰੋਸਾ ਦਿਵਾਉਂਦੇ ਰਹੇ ਕਿ ਉਹ ਕਿਸੇ ਬਾਹਰਲੇ ਮੁਸਲਮਾਨ ਨੂੰ ਉਨ੍ਹਾਂ ਦਾ ਨੁਕਸਾਨ ਕਰਨ ਦੀ ਆਗਿਆ ਨਹੀਂ ਦੇਣ ਗੇ। ਪਰ ਦੂਜੇ ਹੀ ਛਿਨ ਸਿੱਖਾਂ ਨੂੰ ਆਖਿਆ ਜਾਂਦਾ ਰਿਹਾ ਹੈ ਕਿ ਕੁਝ ਗੁੰਡੇ ਸ਼ਰਾਰਤ ਕਰਦੇ ਹਨ, ਉਨ੍ਹਾਂ ਨੂੰ ਰੋਕਣ ਲਈ ਇਤਨੇ ਰੁਪੈ ਦੇ ਦਿਉ। ਤੁਹਾਡਾ ਬਚਾਉ ਹੋ ਜਾਵੇਗਾ॥ ਸਿੱਖ ਇਸ ਮੁਸੀਬਤ ਨੂੰ ਟਾਲਣ ਲਈ ਅਜਿਹਾ ਹੀ ਕਰਦੇ ਰਹੇ। ਕਈ ਥਾਂਈ ਇਸ ਤਰ੍ਹਾਂ ਦਸ ਦਸ ਪੰਦਰਾਂ ਪੰਦਰਾਂ ਹਜ਼ਾਰ ਰੁਪਿਆ ਮੁਸਲਮਾਨਾਂ ਨੂੰ ਦਿਤਾ ਜਾਂਦਾ ਰਿਹਾ। ਪਰ ਰੁਪਿਆ ਹਜ਼ਮ ਕਰਨ ਪਿਛੋਂ ਸਿੱਖਾਂ ਨੂੰ ਫਿਰ ਆਖ ਦਿਤਾ ਜਾਂਦਾ ਰਿਹਾ ਕਿ ਚੂੰਕਿ ਮੁਸਲਮਾਨਾਂ ਦੇ ਪਿੰਡਾਂ ਦੇ ਪਿੰਡ ਚਲਕੇ ਆ ਰਹੇ ਹਨ, ਇਸ ਲਈ ਉਹ ਰਾਖੀ ਦੀ ਕੋਈ ਜ਼ਿਮੇਵਾਰੀ ਨਹੀਂ ਲੈ ਸਕਦੇ। ਤੇ ਬਚਾਉ ਦੀਆਂ ਦੋ ਹੀ ਸੂਰਤਾਂ ਹੋ ਸਕਦੀਆਂ ਹਨ ਕਿ ਜਾਂ ਤਾਂ ਪਿੰਡ ਛਡ ਕੇ ਕਿਸੇ

ਹੋਰ ਖਾਂ ਦਲੋ ਜਾਉ। ਜਾਂ ਮੁਸਲਮਾਨ ਬਣ ਜਾਉ।। ਸਕੀਮ ਦੇ ਅਨੁਸਾਰ ਇਨ੍ਹਾਂ ਗਲਾਂ ਬਾਤਾਂ ਦੇ ਹੁੰਦਿਆਂ ਹੀ ਹਜ਼ਾਰਾਂ ਮੁਸਲਮਾਨ ਪੰਜ ਪੰਜ, ਸਤ ਸਤ ਤੇ ਦਸ ਦਸ ਹਜ਼ਾਰ ਦੀ ਗਿਣਤੀ ਵਿਚ ਸਿੱਖ ਪਿੰਡਾਂ ਪੁਰ ਚੜ੍ਹਾਈ ਕਰ ਕੇ ਆਉਂਦੇ ਰਹੇ।। ਜਿਥੇ ਸਿੱਖਾਂ ਦੇ ਦੋ ਚਾਰ ਘਰ ਭੀ ਸਨ ਉਥੇ ਭੀ ਦੋ ਹਜ਼ਾਰ ਤੋਂ ਘਟ ਨਹੀਂ ਆਏ।। ਹਮਲਿਆਂ ਵਿਚ ਛੁਰੀਆਂ ਗੰਡਾਸਿਆਂ, ਬਲਮਾਂ ਤੇ ਆਦਿਕ ਹੋਰ ਕਈ ਹਥਿਆਰਾਂ ਤੋਂ ਬਿਨਾਂ ਲੁਈਸਗੰਨਾਂ, ਟਾਮੀਗੰਨਾਂ, ਬੰਦੂਕਾਂ ਤੇ ਬੰਬ ਭੀ ਵਰਤੇ ਜਾਂਦੇ ਰਹੇ।। ਇਲਾਕਿਆਂ ਦੇ ਸਿਰ ਕਢ ਮੁਸਲਮਾਨ ਇਨ੍ਹਾਂ ਹਮਲਿਆਂ ਵਿਚ ਹਮਲਾ ਆਵਰਾਂ ਦੀ ਅਗਵਾਈ ਕਰਦੇ ਰਹੇ।। ਕਈ ਥਾਂਈ ਸਿੱਖਾਂ ਦੇ ਪਿੰਡਾਂ ਦੀ ਸਾਰੀ ਹੀ ਵਸੋਂ ਮੌਤ ਦੇ ਘਾਟ ਉਤਾਰ ਦਿਤੀ ਗਈ।। ਕਈ ਥਾਂਈ ਮੁਸਲਮਾਨ ਬਣਾਕੇ ਉਨ੍ਹਾਂ ਨੂੰ ਇਕ ਥਾਂ ਇਕੱਠਿਆਂ ਕਰਕੇ ਪਟਰੌਲ ਨਾਲ ਸਾੜ੍ਹਿਆ ਗਿਆ।। ਬੇਅੰਤ ਸਿੱਖ ਬੀਬੀਆਂ ਨੂੰ ਅਪਣੀ ਇਜ਼ਤ ਬਚਾਉਣ ਖਾਤਰ ਆਪੇ ਹੀ ਆਤਮ ਘਾਤ ਕਰ ਲਏ।। ਕਈਆਂ ਨੇ ਖੂਹਾਂ ਵਿਚ ਛਾਲਾਂ ਮਾਰ ਦਿਤੀਆਂ, ਕਈਆਂ ਨੇ ਫਾਹੇ ਲੈ ਲਏ। ਪਰ ਜਾਬਰਾਂ ਦੇ ਹਥ ਜਾਣਾ ਤੇ ਮੁਸਲਮਾਨ ਬਣਨਾ ਗਵਾਰਾ ਨਾ ਕੀਤਾ। ਸਿੱਖ ਮਰਦਾਂ, ਬਚਿਆਂ ਤੇ ਇਸਤ੍ਰੀਆਂ ਤੇ ਨੌਜਵਾਨ ਲੜਕੀਆਂ ਦੀਆਂ ਲੋਥਾਂ ਰੁਲ ਰਹੀਆਂ ਹਨ।। ਲੁਟੇਰੇ ਲੁਟ ਦਾ ਮਾਲ ਲਿਚੁਣ ਦੇ ਲਈ ਅਪਣੇ ਨਾਲ ਖੋਤੇ, ਊਠ ਤੇ ਗਡੇ ਆਦਿਕ ਹਮਲਾ ਕਰਨ ਵੇਲੇ ਹੀ ਅਪਣੇ ਨਾਲ ਲਿਊਂਦੇਰਹੇ। ਸਾਰਾ ਮਾਲ ਲੁਟ ਕੇ ਪਿਛੋਂ ਸਿੱਖਾਂ ਦੇ ਘਰਾਂ ਨੂੰ ਅਗਨੀ ਦੀ ਭੇਟ ਕਰ ਦਿੰਦੇ ਰਹੇ। ਮਿਲਟ੍ਰੀ ਦੀ ਮਦਦ ਨਾਲ ਜਿਹੜੇ ਸਿੱਖ ਬਚ ਸਕੇ ਹਨਉਹ ਇਸ ਵੇਲੇ ੨੫-੩੦ ਹਜ਼ਾਰ ਦੀ ਗਿਣਤੀ ਵਿਚ ਰਾਵਲਪਿੰਡੀ ਪੰਜਾ ਸਾਹਿਬ, ਗੁਜਰਖਾਨਤੇ ਹੋਰ ਕਈ ਇਕ ਥਾਂਈਂ ਕੈਂਪਾਂ ਵਿਚ ਪੁਜੇ ਹੋਏ ਹਨ, ਜੋ ਲੱਖਾਂ ਦੇ ਮਾਲਕ ਸਨ ਅਜ ਰੋਟੀ ਤੇ ਕਪੜੇ ਤੋਂ ਭੀ ਲਾਚਾਰ ਹਨ। ਉਹਨਾਂ ਦੀ ਹਾਲਤ ਦੇਖ ਕੇ ਦਿਲ ਨੂੰ ਸੰਭਾਲਣਾ ਬੜਾ ਔਖਾ ਹੁੰਦਾ ਹੈ। ਹੁਣ ਤਕ ਸਾਰੇ ਪਿੰਡਾਂ ਦੀਆਂ ਪੂਰੀਆਂ ਖਬਰਾਂ ਨਹੀਂ ਪਹੁੰਚ ਸਕੀਆਂ, ਪਰ ਜੋ ਪੁਜੀਆਂ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:-

ਜ਼ਿਲਾ ਅੱਟਕ ਦੇ ਪਿੰਡ

੧ ਪਿੰਡ ਰਾਜਗੜ੍ਹ ਇਸ ਪਿੰਡ ਦੀ ਕੁਲ ਵਸੋਂ ੨੭੫ ਸਿੱਖ ਮੌਤ ਦੇ ਘਾਟ ਉਤਾਰੇ ਗਏ ਹਨ। ਪਹਿਲਾਂ ੩੦੦ ਸਿੱਖਾਂ ਨੂੰ ਕਤਲ ਕੀਤਾ ਗਿਆ ਬਾਕੀ ਮੁਸਲਮਾਨ ਬਣਾਏ ਗਏ। ਪਰ ਪਿਛੋਂ ਉਨ੍ਹਾਂ ਨੂੰ ਰੋਟੀ ਖਿਲਾਣ ਦੇ ਬਹਾਨੇ ਇਕ ਮਕਾਨ ਵਿਚ ਬੰਦ ਕਰਕੇ ਜੀਊਂਦਿਆਂ ਹੀ ਸਾੜ੍ਹ ਦਿਤਾ ਸਾੜ੍ਹ ਦਿਤਾ ਹੈ। ਘਰ ਬਾਰ ਲੁਟਕੇ ਪਿੰਡ ਸਾੜ੍ਹ ਦਿਤੇ ਗਏ ਹਨ।।

੨- ਪਿੰਡ ਭਾਨੂ:-

ਇਥੇ ਦੀ ੧੫੦ ਸਿੱਖ ਵਸੋਂ ਮੌਤ ਦੇ ਘਾਟ ਉਤਾਰ ਕੇ ਘਰਬਾਰ ਲੁਟ ਲਏ ਤੇ ਗਏ ਤੇ ਪਿਛੋਂ ਅਗ ਲਾ ਕੇ ਸਾੜ੍ਹ ਦਿਤੇ ਗਏ॥

੩- ਚਕਰੀ ਵੇਰੀ:-

ਇਥੇ ਦੀ ੨੦੦ ਵਸੋਂ ਸੀ। ੨੦-੨੫ ਸਿੱਖ ਕਤਲ ਕੀਤੇ ਗਏ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਰਦਾਰ ਜਸਵੰਤ ਸਿੰਘ ਜੀ ਵੇਰੀ, ਉਨ੍ਹਾਂ ਦੀ ਸੁਪਤਨੀ, ਮਾਤਾ, ਭਰਾ, ਭਤੀਜਾ, ਉਨ੍ਹਾਂ ਦੇ ਚਾਚੇ ਚਾਚੀ ਦੀ ਨੂਹ, ਪੋਤਰੀ ਤੇ ਪੋਤਰੀ ਆਦਿ ੧੧ ਸਿੱਖ ਇਕੋ ਟੱਬਰ ਦੇ ਕਤਲ ਕੀਤੇ ਗਏ ਹਨ। ਸਰਦਾਰ ਜਸਵੰਤ ਸਿੰਘ ਜੀ ਬਹਾਦਰੀ ਨਾਲ ਲੜਦੇ ਸ਼ਹੀਦ ਹੋਏ। ਬਾਕੀ ਫੌਜ ਦੀ ਮਦਦ ਨਾਲ ਬਚ ਕੇ ਅਧਵਾਲ ਕੈਂਪ ਵਿਚ ਪੁਜੇ ਹਨ। ਪਿੰਡ ਚਕਰੀ ਦਾ ਇਕ ਗੁਰਦਵਾਰਾ ਭੀ ਸਾੜ੍ਹ ਦਿਤਾ ਗਿਆ ਹੈ। ਇਕ ਸੜ੍ਹ ਨਹੀਂ ਸਕਿਆ। ਸਿੰਘਾਂ ਦੇ ਸਾਰੇ ਘਰ ਲੁਟ ਕੇ ਸਾੜ੍ਹੇ ਗਏ। ਵੇਰੀ ਦੇ ਕੁਝ ਆਦਮੀ ਮੁਸਲਮਾਨ ਕੀਤੇ ਗਏ ਹਨ। ਜੋ ਅਜੇ ਉਥੇ ਹੀ ਹਨ।

੪- ਰੋਤਰਾ:-

ਇਥੋਂ ਦੀ ੩੫੦-੪੦੦ ਸਿੱਖ ਵਸੋਂ ਸੀ। ਸਭ ਸਿੱਖਾਂ ਦੇ ਜ਼ਬਰਦਸਤੀ ਕੇਸ ਤੇ ਦਾਹੜੇ ਮੁੰਨ੍ਹੇ ਗਏ। ਦੋ ਆਦਮੀ ਰਹਿੰਦੇ ਸਨ ਕਿ ਫੌਜ ਪਹੁੰਚ ਗਈ। ਜੋ ਸਾਰਿਆਂ ਨੂੰ ਉਸੇ ਹਾਲਤ ਵਿਚ ਹੀ ਬਚਾ ਕੇ ਲੈ ਆਈ ਹੈ॥

੫- ਸੰਗਰਾਲ:-

ਪਿੰਡ ਦੀ ੧੫੦ ਦੇ ਲਗ ਪਗ ਸਾਰੀ ਸਿੱਖ ਵਸੋਂ ਨੂੰ ਮੁਸਲਮਾਨ ਬਣਾਇਆ ਗਿਆ ਹੈ। ਸਭ ਸਿੱਖਾਂ ਦੇ ਜ਼ਬਰਦਸਤੀ ਕੇਸ ਦਾਹੜੇ ਕਤਲ ਕੀਤੇ ਗਏ। ਜੋ ਮਿਲਟ੍ਰੀ ਨੇ ਬਚਾਏ ਹਨ। ਘਰਬਾਰ ਲੁਟੇ ਤੇ ਸਾੜ੍ਹੇ ਗਏ॥

੬- ਪੜਿਆਲ:-

ਇਥੇ ਦੀ ਪੌਣੇ ਦੋ ਸੌ ਦੀ ਸਾਰੀ ਸਿੱਖ ਵਸੋਂ ਨੂੰ ਕਤਲ ਕਰ ਦਿਤਾ ਗਿਆ। ਘਰਬਾਰ ਲੁਟਕੇ ਅਗ ਦੀ ਭੇਟਾ ਕਰ ਦਿਤੇ ਗਏ॥

੭- ਪਿੰਡ ਤੁਲਾ ਬਜਾੜ:-

ਇਥੋਂ ਦੇ ਦਸ ਬਾਰਾਂ ਨੌਜਵਾਨ ਸਿੱਖਾਂ ਨੂੰ ਚੁਣ ਕੇ ਮੌਤ ਦੇ ਘਾਟ ਉਤਾਰਿਆ ਗਿਆ। ਸਿੱਖ ਇਸਤ੍ਰੀਆਂ ਨੂੰ ਲੁਕਾ ਲਿਆ ਗਿਆ। ਪਰ ਇਨ੍ਹਾਂ ਇਸਤ੍ਰੀਆਂ ਨੂੰ ਕੁਝ ਸਿੰਘ ਕਿਸੇ ਢੰਗ ਨਾਲ ਬਚਾ ਕੇ ਲੈ ਆਏ ਹਨ।

੮- ਅਧਵਾਲ:-

ਇਸ ਪਿੰਡ ਦੇ ਸਿੱਖਾਂ ਦੇ ਘਰ ਲੁਟੇ ਗਏ ਤੇ ਸਾੜ੍ਹ ਦਿਤੇ ਗਏ। ਵਸੋਂ ਮਿਲਟ੍ਰੀ ਪੁਜਣ ਕਰਕੇ ਬਚ ਗਈ॥ ਜੋ ਇਥੇ ਹੀ ਇਕ ਕੈਂਪ ਵਿਚ ਹੈ। ਜੋ ਬਾਹਰ ਛਪੜ ਤੇ ਬਣਾਇਆ ਗਿਆ ਹੈ॥ ਸਿੱਖਾਂ ਨੂੰ ਛਪੜ ਦਾ ਪਾਣੀ ਮਿਲ ਰਿਹਾ ਹੈ। ਫੌਜ ਦਾ ਸਿੱਖ ਅਫਸਰ ਬਦਲ ਕੇ ਮੁਸਲਮਾਨ ਭੇਜਿਆ ਗਿਆ। ਜਿਸ ਦੇ ਹਥ ਵਿਚ ਸਿੱਖਾਂ ਦੀਆਂ ਜਾਨਾਂ ਮਹਿਫੂਜ਼ ਨਹੀਂ॥

੯- ਪਿੰਡ ਰੰਗਾਂਵਾਲਾ ਤੇ ਖਿਲਵਾਲ:-

ਇਥੋਂ ਦੀ ਸਾਰੀ ਸਿੱਖ ਵਸੋਂ ਨੂੰ ਮੁਸਲਮਾਨ ਬਣਾਇਆ ਗਿਆ॥ ਉਨ੍ਹਾਂ ਨੂੰ ਖਿਲਾਉਣ ਲਈ ਗਾਂ ਜ਼ਿਬਾ ਕਰਕੇ ਰਿੰਨੀਂ ਗਈ॥ ਜਿਨ੍ਹੋ ਨੂੰ

ਮਿਲਟ੍ਰੀ ਪੁਜ ਗਈ। ਜੋ ਮੁਸਲਮਾਨ ਹੋਏ ਸਾਰੇ ਸਿੱਖਾਂ ਨੂੰ ਬਚਾ ਕੇ ਲੈ ਆਈ ਹੈ। ਘਰਬਾਰ ਲੁਟੇ ਗਏ ਤੇ ਸਾੜ੍ਹੇ ਗਏ॥

੧੦- ਕੋਲੀਆਂ ਹਮੀਦ:-

ਇਥੋਂ ਦੇ ਕੇਵਲ ਦੋ ਸਿੱਖ ਕਤਲ ਕੀਤੇ ਗਏ। ਬਾਕੀ ਬਚ ਕੇ ਰਾਵਲਪਿੰਡੀ ਪੁਜ ਗਏ ਹਨ। ਪਿੰਡ ਲੁਟ ਕੇ ਸਾੜ੍ਹ ਦਿਤਾ ਗਿਆ॥

੧੧- ਪਿੰਡ ਸਰੋਬਾ ਵਿਚ ਚਾਰ ਪੰਜ ਸਿੱਖਾਂ ਦੇ ਘਰ ਸਨ। ਸਾਰੇ ਮੁਸਲਮਾਨ ਬਣਾਏ ਗਏ॥ ਗਿਆਨੀ ਗੁਰਮੁਖ ਸਿੰਘ ਜੀ ਦੇ ਭਰਾ, ਭਾਈ ਗਿਆਨੀ ਸਿੰਘ ਜੀ ਨੂੰ ਇਥੇ ਕਤਲ ਕਰ ਦਿਤਾ ਗਿਆ। ਦਸੀਦਾ ਹੈ ਕਿ ਉਹਨਾਂ ਦੀ ਸੁਪਤਨੀ ਦੀ ਕੁਝ ਸੁਘ ਨਹੀਂ ਮਿਲਦੀ॥

੧੨- ਘੀਲ ਤੇ ਢੰਡਬਰ ਦੇ ਦੋ ਸਿੱਖ ਬਚ ਕੇ ਚਕਵਾਲ ਪੁਜ ਗਏ ਹਨ। ਪਰ ਉਨ੍ਹਾਂ ਦੇ ਘਰਬਾਰ ਲੁਟ ਲਏ ਤੇ ਸਾੜ੍ਹੇ ਗਏ॥

੧੩- ਪਿੰਡ ਤਤਰਾਲ ਦਾ ਗੁਰਦਵਾਰਾ ਸਾੜ੍ਹਿਆ ਗਿਆ ਹੈ। ਗ੍ਰੰਥੀ ਤੇ ਹੋਰ ਸਿੰਘ ਕਤਲ ਕੀਤੇ ਗਏ ਹਨ। ਬਾਕੀ ਜ਼ਬਰਦਸਤੀ ਮੁਸਲਮਾਨ ਬਣਾ ਲਏ ਗਏ ਹਨ।

੧੪- ਪਿੰਡ ਜੰਡ, ਖਰਾ ਤੇ ਬੰਗਲਾ ਲੁਟ ਕੇ ਸਾੜ੍ਹ ਦਿਤੇ ਗਏ॥ ਕੁਝ ਸਿੱਖ ਮਿਲਟ੍ਰੀ ਨੇ ਬਚਾਏ ਹਨ। ਕੁਝ ਕਤਲ ਕੀਤੇ ਗਏ ਹਨ। ਕਈਆਂ ਨੂੰ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ॥

੧੫- ਰੋਟਰ:- ਇਸ ਪਿੰਡ ਦੇ ਸਿੱਖ ਮਿਲਟ੍ਰੀ ਨੇ ਕਢ ਲਿਆਂਦੇ ਹਨ। ਘਰ ਬਾਰ ਲੁਟਕੇ ਸਾੜ੍ਹ ਦਿਤੇ ਗਏ ਹਨ। ਇਨ੍ਹਾਂ ਤੋਂ ਬਿਨਾਂ ਕਈ ਥਾਂਈਂ ਪਿੰਡਾਂ ਵਿਚ ਇਕ ਇਕ ਦੋ ਦੋ ਜਾਂ ਚਾਰ ਚਾਰ ਸਿੰਘਾਂ ਦੇ ਪਿੰਡ ਹਨ। ਉਨ੍ਹਾਂ ਦੇ ਘਰਬਾਰ ਸਾੜ੍ਹ ਦਿਤੇ ਗਏ ਹਨ। ਤੇ ਸਾਰੇ ਸਿੱਖਾਂ ਨੂੰ ਜਾਂ ਤਾਂ ਕਤਲ ਕਰ ਦਿਤਾ ਗਿਆ ਹੈ ਜਾਂ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ ਹੈ। ਸਾਰੇ ਪਿੰਡਾਂ ਦਾ ਵੇਰਵਾ ਮੰਗਵਾਇਆ ਜਾ ਰਿਹਾ ਹੈ।

ਜ਼ਿਲ੍ਹਾ ਰਾਵਲਪਿੰਡੀ ਦੇ ਪਿੰਡ

****

੧-ਪਿੰਡ ਦੁਬੇਰਨ:- ਇਸ ਪਿੰਡ ਦੀ ਸਵਾ, ਡੇਢ ਹਜ਼ਾਰ ਸਿੱਖ ਵਸੋਂ ਦਾ ਇਕ ਜੀਅ ਵੀ ਨਹੀਂ ਬਚਿਆ। ਮੁਸਲਮਾਨਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਨੇਜ਼ਿਆਂ, ਤਲਵਾਰਾਂ, ਬੰਦੂਕਾਂ ਤੇ ਮਸ਼ੀਨਗੰਨਾਂ ਆਦਿ ਨਾਲ ਸਾਰੇ ਮਰਦਾਂ ਤੇ ਲੜਕੀਆਂ ਨੂੰ ਕਤਲ ਕਰ ਦਿਤਾ॥ ਵਡੇਰੀ ਅਵਸਥਾ ਦੀਆਂ ਸਿੱਖ ਇਸਤ੍ਰੀਆਂ ਨੂੰ ਭੀ ਕਤਲ ਕਰ ਦਿਤਾ ਗਿਆ। ਬਾਕੀ ੭੦ ਨੌਜਵਾਨ ਲੜਕੀਆਂ ਨੂੰ ਮੁਸਲਮਾਨ ਜ਼ਬਰਦਸਤੀ ਕਿਧਰੇ ਲੈ ਗਏ ਹਨ॥

੨-ਪਿੰਡ ਬੰਦਾ:- ਇਥੇ ੨੦ ਕੁ ਸਿੱਖ ਕਤਲ ਕੀਤੇ ਗਏ। ੧੦ ਦਾ ਕੁਝ ਪਤਾ ਨਹੀਂ ਲਗਦਾ। ਬਾਕੀ ਬਚ ਗਏ ਹਨ। ਸਿੱਖਾਂ ਦੇ ਘਰ ਗੁਰਦਵਾਰੇ ਲੁਟੇ ਤੇ ਸਾੜ੍ਹੇ ਗਏ ਹਨ॥ ਇਥੇ ਹੀ ਬਸ ਨਹੀਂ ਸਗੋਂ ਹਲ ਫੇਰ ਕੇ ਪਿੰਡਾਂ ਦਾ ਨਾਮੋਂ ਨਿਸ਼ਾਨ ਮੇਟ ਦਿਤਾ ਗਿਆ ਹੈ॥

੩- ਬਸਾਲੀ:- ਇਥੇ ੭੫-੮੦ ਸਿੱਖ ਕਤਲ ਹੋਏ ਹਨ। ੧੫੦ ਹੁਣ ਤਕ ਗੁਮ ਹਨ। ਘਰਬਾਰ ਲੁਟਕੇ ਤੇ ਸਾੜ੍ਹੇ ਗਏ॥ ਸਰਦਾਰ ਹਰਿਨਾਰਾਇਣ ਸਿੰਘ

ਨੇ ਬਲਵਾਈਆਂ ਦਾ ਡਟ ਕੇ ਮੁਕਾਬਲਾ ਕੀਤਾ।। ਤੇ ਸ਼ਹੀਦ ਹੋ ਗਏ।। ਕਈ ਬੀਬੀਆਂ ਨੇ ਬੇਇਜ਼ਤੀ ਤੋਂ ਬਚਨ ਲਈ ਆਤਮਘਾਤ ਕਰ ਲਏ। ੯ ਜ਼ਬਰਦਸਤੀ ਮੁਸਲਮਾਨ ਬਣਾਏ ਗਏ ਹਨ।।

੪- ਪਿੰਡ ਤਰਲਾਈ:-

ਇਥੇ ਦੇ ੪੦ ਸਿੱਖ ਕਤਲ ਕੀਤੇ ਗਏ। ਇਨ੍ਹਾਂ ਵਿਚ ਚਾਰ ਬਚੇ ਤੇ ੬ ਇਸਤ੍ਰੀਆਂ ਸਨ।। ਘਰਬਾਰ ਲੁਟਕੇ ਸਾੜ੍ਹੇ ਗਏ ਹਨ।। ੧੫ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ ਹੈ।

੫- ਪਿੰਡ ਮੁਰਾਲ:-

ਇਥੇ ੧੪੧ ਸਿੱਖ ਮਾਰੇ ਗਏ ਤੇ ੧੫/੧੬ ਦਾ ਕੁਝ ਪਤਾ ਨਹੀਂ ਲਗਦਾ।। ਜਿਨ੍ਹਾਂ ਵਿਚੋਂ ਤਿੰਨ ਇਸਤ੍ਰੀਆਂ ਸਨ।।

੬- ਪਿੰਡ ਤਖਤ ਪੜ੍ਹੀ:- ਇਥੇ ਇਕ ਸਿੰਘ ਕਤਲ ਹੋਇਆ ਸਤ ਦਾ ਕੁਝ ਪਤਾ ਨਹੀਂ ਲਗਦਾ।।

੭- ਸਾਗਰੀ:- ਇਥੋਂ ਦੇ ਦੋ ਸਿੰਘ ਕਤਲ ਕੀਤੇ ਗਏ। ਇਕ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਗਿਆ।। ਕੁਝ ਆਦਮੀ ਕੈਂਪ ਵਿਚ ਆਕੇ ਚੜ੍ਹਾਈ ਕਰ ਗਏ।।

੮- ਮਾਨਿਕਿਆਲਾ:- ਇਥੇ ਇਕ ਬੀਬੀ ਸ਼ਹੀਦ ਹੋਈ।। ਘਰਬਾਰ ਲੁਟੇ ਤੇ ਸਾੜ੍ਹੇ ਗਏ ਹਨ।।

੯- ਨਰੜਾਈ:- ਇਥੇ ਪੰਜ ਸਿੰਘ ਕਤਲ ਕੀਤੇ ਗਏ ਹਨ। ਦੋ ਗੁਮ ਹਨ ਤੇ ਚਾਲੀ ਜ਼ਬਰਦਸਤੀ ਮੁਸਲਮਾਨ ਬਣਾਏ ਗਏ ਹਨ।। ਇਕ ਸਿੱਖ ਬੀਬੀ ਨੇ ਬੇਪਤੀ ਤੋਂ ਬਚਣ ਲਈ ਅਗ ਲਾ ਕੇ ਆਤਮ ਹਤਿਆ ਕਰ ਲਈ।।

੧੦- ਪਿੰਡ ਮਾਛੀਆਂ:- ਇਥੋਂ ਦੀ ੪੦੦ ਦੇ ਕਰੀਬ ਵਸੋਂ ਸੀ। ਸਾਰੇ ਮਰਦ ਮਾਰ ਦਿਤੇ ਗਏ ਹਨ। ਤੀਵੀਆਂ ਤੇ ਬਚਿਆਂ ਨੂੰ ਪਿਛੋਂ ਇਕ ਮਸੀਤ ਵਿਚੋਂ ਫੌਜ ਨੇ ਬਰਾਮਦ ਕੀਤਾ।।

੧੧- ਪਿੰਡ ਭਾਗਪੁਰ:- ਸਾਰੇ ਦੇ ਸਾਰੇ ਸਿੱਖ ਮਾਰ ਦਿਤੇ ਗਏ। ਇਥੇ ਸੈ ਕੁ ਘਰ ਸਿੰਘਾਂ ਦੇ ਸਨ।।

੧੨- ਹਰਿਆਲ:- ਇਥੇ ੧੫-੨੦ ਸਿੱਖ ਮਾਰੇ ਗਏ। ੩੦-੪੦ ਗੁਮ ਹਨ। ਘਰਬਾਰ ਲੁਟਕੇ ਸਾੜ੍ਹੇ ਗਏ ਹਨ। ਮਾਸਦ ਜੀ ਦੇ ਮਕਾਨ ਦੇ ਸਾਹਮਣੇ ਪਾਕਿਸਤਾਨ ਜ਼ਿੰਦਾਬਾਦ ਦਾ ਨਾਹਰਾ ਲਾਇਆ ਗਿਆ ਤੇ ਫਿਰ ਮਕਾਨ ਨੂੰ ਅਗ ਲਾ ਕੇ ਬਾਕੀ ਪਿੰਡ ਨੂੰ ਫੂਕ ਦਿਤਾ ਗਿਆ।।

੧੩- ਹਰਿਨਾਲ:- ਇਥੇ ਭੀ ੨੦ ਕੁ ਸਿੱਖ ਕਤਲ ਕੀਤੇ ਗਏ ਹਨ। ੨੦-੨੫ ਗੁਮ ਹਨ। ਕੁਝ ਆਦਮੀ ਖੂਹਾਂ ਵਿਚ ਸੁਟ ਦਿਤੇ ਗਏ ਹਨ। ਘਰਬਾਰ ਲੁਟ ਲਏ ਗਏ ਤੇ ਸਾੜ੍ਹ ਦਿਤੇ ਗਏ ਹਨ।।

੧੪- ਟੈਂਚ ਪਿੰਡ ਦੇ ੨੨ ਸਿੱਖਾਂ ਜਿਨ੍ਹਾਂ ਵਿਚ ਕਈ ਇਸਤ੍ਰੀਆਂ ਤੇ ਲੜਕੀਆਂ ਭੀਸਨ। ਸ਼ਹੀਦ ਕੀਤੇ ਗਏ। ਘਰਬਾਰ ਸਾੜ੍ਹੇ ਗਏ।।

੧੫- ਥੋਹਾ ਖਾਲਸਾ:-

ਇਸ ਨਗਰ ਦੇ ੩੫੦-੪੦੦ ਸਿੱਖ ਮਰਦਾਂ, ਇਸਤ੍ਰੀਆਂ ਤੇ

ਬਚਿਆਂ ਨੂੰ ਕਤਲ ਕੀਤਾ ਗਿਆ। ਲਗ ਪਗ ੪੦ ਲੜਕੀਆਂ ਤੇ ਤੀਵੀਆਂ ਨੇ ਫਾਹੇ ਲੈਕੇ ਆਤਮਘਾਤ ਕੀਤਾ। ੯੦ ਦੇ ਲਗ ਪਗ ਨੇ ਖੂਹਾਂ ਵਿਚ ਛਾਲਾਂ ਮਾਰੀਆਂ। ਮੁਸਲਮਾਨਾਂ ਨੇ ਕੁਝ ਲੜਕੀਆਂ ਖੋਹਣ ਦੀ ਕੋਸ਼ਿਸ਼ ਕੀਤੀ ਪਰ ਸਿੱਖਾਂ ਨੇ ਇਕ ਘੰਟਾ ਮੋਹਲਤ ਲੈਕੇ ਸਭ ਨੂੰ ਅਪਣੀ ਹਥੀਂ ਤਲਵਾਰ ਦੇ ਘਾਟ ਉਤਾਰ ਦਿਤਾ। ਤੇ ਪਿਛੋਂ ਮੁਕਾਬਲਾ ਕਰਕੇ ਸ਼ਹੀਦੀ ਪ੍ਰਾਪਤ ਕੀਤੀ। ਬਾਕੀਆਂ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਣ ਲਗਾ ਕਿ ਮਿਲਟ੍ਰੀ ਆ ਗਈ। ਤੇ ਉਹ ਬਚ ਗਏ। ਇਥੇ ਸਰਦਾਰ ਹਰਨਾਮ ਸਿੰਘ ਜੀ ਐਡਵੋਕੇਟ ਦੇ ਰਿਸ਼ਤੇਦਾਰ ਭੀ ਕਤਲ ਹੋਏ ਹਨ। ਸੰਤ ਗੁਲਾਬ ਸਿੰਘ ਜੀ ਵਕੀਲ ਦੇ ਘਰ ਦੇ ੨੫ ਜੀਅ ਕਤਲ ਕੀਤੇ ਗਏ ਹਨ। ਸੰਤ ਜੀ ਦੀ ਸਿੰਘਣੀ ਨੇ ਅਪਣੀ ਪੋਤਰੀ ਸਮੇਤ ਖੂਹ ਵਿਚ ਛਾਲ ਮਾਰੀ।।

੧੬- <u>ਪਿੰਡ ਬਮਾਲੀ</u>:- ਪਿੰਡ ਬਮਾਲੀ ਦੇ ਬਹੁਤੇ ਸਿੱਖ ਕਤਲ ਕੀਤੇ ਗਏ। ਬਹੁਤ ਸਾਰਿਆਂ ਦਾ ਪਤਾ ਨਹੀਂ ਲਗਦਾ। ਕੇਵਲ ੨੭ ਸਿੱਖ ਬਚਕੇ ਕੈਂਪ ਵਿਚ ਪੁਜੇ ਹਨ।।

੧੭- <u>ਕਹੂਟਾ</u>:- ਇਥੇ ਹਜ਼ਾਰਾਂ ਮੁਸਲਮਾਨ ਹਮਲਾ ਕਰਕੇ ਆਏ। ੫੦-੬੦ ਸਿੱਖ ਕਤਲ ਕੀਤੇ ਗਏ। ੧੦ਗੁੰਮ ਹਨ। ਕਰੋੜਾਂ ਰੁਪੈ ਦਾ ਮਾਲੀ ਨੁਕਸਾਨ ਉਥੇ ਸਿੱਖਾਂ ਦਾ ਹੋਇਆ। ਇਕ ਇਹ ਖ਼ਬਰ ਹੈ ਕਿ ਤਸੀਲ ਕਹੂਟਾ ਦੀਆਂ (ਸਣੇ ਪਿੰਡ ਦੁਬੇਰਨ ਦੇ, ਜਿਸਦਾ ਉਪਰ ਜ਼ਿਕਰ ਕੀਤਾ ਗਿਆ ਹੈ) ਲਗ ਪਗ ਪੰਜ ਸੌ ਲੜਕੀਆਂ ਰਾਵਲਪਿੰਡੀ ਦੇ ਪੰਜਾਹ ਮੀਲ ਉਤਰ ਪੂਰਬ ਵਿਚ ਮੁਸਲਮਾਨਾਂ ਦੇ ਕਬਜ਼ੇ ਵਿਚ ਹਨ। ਕਹੂਟਾ ਸਾਰੇ ਦਾ ਸਾਰਾ ਲੁਟ ਲਿਆ ਅਤੇ ਸਿੱਖਾਂ ਦੇ ਘਰ ਅਗ ਦੀ ਭੇਟਾ ਕੀਤੇ ਗਏ। ਕਹੂਟੇ ਪਰ ਹਮਲਾ ਕਰਨ ਵਾਲਿਆਂ ਵਿਚ ਲਗ ਪਗ ਸਾਰੇ ਸਥਾਨਕ ਮੁਸਲਮਾਨ ਆਫ਼ੀਸਰ ਸ਼ਾਲ ਸਨ। ਇਥੋਂ ਦੀ ਲੇਡੀ ਡਾਕਟ੍ਰ ਭੀ ਬਲਵਾਈਆ ਦੀ ਆਗੂ ਸੀ।।

੧੮- <u>ਡੇਰਾ ਖ਼ਾਲਸਾ</u>:- ਇਥੇ ਗੁਰਦਵਾਰੇ ਨੂੰ ਅਗ ਲਗਾ ਕੇ ਗ੍ਰੰਥੀ ਸਾਹਿਬ ਨੂੰ ਕਤਲ ਕਰ ਦਿਤਾ ਗਿਆ। ਦੋ ਸਿੰਘਾਂ ਦਾ ਕੁਝ ਪਤਾ ਨਹੀਂ ਲਗਦਾ। ਘਰਬਾਰ ਲੁਟ ਲ ਤੇ ਸਾੜ੍ਹੇ ਗਏ।।

੧੯- <u>ਕਾਜ਼ੀਆਂ</u>:- ਇਥੇ ੯੦-੯੫ ਸਿੱਖ ਕਤਲ ਕੀਤੇ ਗਏ। ੧੦-੧੫ ਕੁਝ ਪਤਾ ਨਹੀਂ ਲਗਦਾ।। ਸਿੱਖਾਂ ਦੇ ਘਰਬਾਰ ਲੁਟੇ ਗਏ ਹਨ।

੨੦- ਪਿੰਡ ਕਿਆਤੀ ਵਿਚ ਸਿੰਘਾਂ ਦੇ ੪੦ ਘਰ ਸਨ। ਜਿੰਨ੍ਹਾਂ ਨੂੰ ਲੁਟ ਪੁਟ ਕੇ ਸਾੜ੍ਹ ਕੇ ਸੁਆਹ ਕਰ ਦਿਤਾ ਗਿਆ ਹੈ।।

੨੧- ਸੁਖੋ:- ਇਸ ਪਿੰਡ ਦੇ ਸਿੰਘਾਂ ਨੇ ਦਸ ਦਸ ਹਜ਼ਾਰ ਦੇ ਮੁਸਲਮਾਨ ਬਲਵਾਈਆਂ ਦੇ ਤਿੰਨ ਹਮਲਿਆਂ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਹੁਣ ਤਕ ਸਾਰੇ ਪਿੰਡ ਦੇ ਸਿੰਘ ਡਟੇ ਹੋਏ ਹਨ। ਇਕ ਬਚਾ ਭੀ ਬਾਹਰ ਨਹੀਂ ਜਾਣ ਦਿਤਾ।। ਮਿਲਟ੍ਰੀ ਪੁਜੀ ਹੋਈ ਹੈ।। ਹਮਲਾਆਵਰ ਭੀ ਮੁਕਾਬਲੇ ਵਿਚ ਕਾਫੀ ਮਾਰੇ ਗਏ ਹਨ।। ਗੁਰਦਵਾਰੇ ਤੇ ਗਰਲ ਸਕੂਲ ਦੀ ਇਮਾਰਤ ਸਾੜੀ ਗਈ ਹੈ।

२२- <u>ਕੁੰਤਰੀਲਾ</u>:-

ਇਥੇ ੧੦-੧੨ ਸਿੰਘ ਕਤਲ ਕੀਤੇ ਗਏ॥ ਪੰਜ ਗੁੰਮ ਹਨ, ਅਤੇ ਪੰਜ-ਸਤ ਜ਼ਬਰਦਸਤੀ ਮੁਸਲਮਾਨ ਬਣਾ ਦਿਤੇ ਗਏ ਹਨ। ਘਰਬਾਰ ਲੁਟ ਕੇ ਸਾੜ ਦਿਤੇ ਗਏ॥

੨੩- <u>ਡੇਰਾਬਧਾਲ</u>:-

ਇਥੇ ਦੋ ਸਿੱਖ ਬਚਕੇ ਆ ਗਏ ਹਨ। ਪਰ ਉਨ੍ਹਾਂ ਦੇ ਘਰਬਾਰ ਲੁਟਕੇ ਸਾੜੇ ਗਏ ਹਨ॥

੨੪- <u>ਦੌਲਤਾਲਾ</u>:-

ਇਸ ਪਿੰਡ ਦੇ ਸਿੰਘ ਬਹਾਦਰੀ ਨਾਲ ਡਟ ਕੇ ਮੁਕਾਬਲਾ ਕਰ ਰਹੇ ਹਨ॥ ਫ਼ੌਜ ਉਥੇ ਪੁਜੀ ਹੋਈ ਹੈ॥

੨੫- <u>ਮੰਦਰਾ</u>:-

ਇਥੇ ੨੦੦ ਦੇ ਲਗ ਪਗ ਸਿੱਖ ਕਤਲ ਕੀਤੇ ਗਏ ਹਨ॥ ੩੦-੪੦ ਗੁੰਮ ਹਨ॥ ਅਜੇ ਤਕ ਲੋਥਾਂ ਬਾਜ਼ਾਰਾਂ, ਗਲੀਆਂ, ਤੇ ਸਟੇਸ਼ਨ ਪਰ ਸੜ ਰਹੀਆਂ ਹਨ॥ ਸਾਰੇ ਦੇ ਸਾਰੇ ਮੁਖੀ ਸਿੱਖਾਂ ਨੂੰ ਬੜੀ ਬੇ-ਰਹਿਮੀ ਨਾਲ ਕੀਤਾ ਗਿਆ ਹੈ।

੨੬- <u>ਘੁੰਗਰੀਲਾ</u>:-

ਇਥੇ ੨੦-੨੫ ਸਿੰਘ ਮਾਰੇ ਗਏ ਹਨ। ੧੫ ਗੁੰਮ ਹਨ। ਇਥੇ ਸਰਦਾਰ ਡੋਗਰ ਸਿੰਘ ਜੀ ਨੇ ਆਖਰੀ ਦਮ ਤਕ ਮੁਕਾਬਲਾ ਕੀਤਾ। ਅਤੇ ਸ਼ਹੀਦੀ ਪ੍ਰਾਪਤ ਕੀਤੀ। ਘਰ ਲੁਟ ਕੇ ਸਾੜ ਦਿਤੇ ਗਏ॥

੨੭- <u>ਡੇਹਾ ਖਾਲਸਾ</u>:-

ਇਥੇ ੭੦-੮੦ ਸਿੰਘ ਕਤਲ ਕੀਤੇ ਗਏ ਹਨ। ੪੦-੫੦ ਗੁੰਮ ਹਨ, ਅਤੇ ਘਰਬਾਰ ਲੁਟ ਕੇ ਸਾੜ ਦਿਤੇ ਗਏ ਹਨ॥

੨੮- <u>ਪਿੰਡ ਨਾਰੇ</u>:-

ਪਿੰਡ ਨਾਰੇ ਦੇ ਸਾਰੇ ਸਿੰਘ ਮਾਰ ਦਿਤੇ ਗਏ ਹਨ। ਇਥੇ ਸਿੰਘਾਂ ਦੇ ੨੦੦ ਘਰ ਸਨ॥

੨੯- <u>ਪਿੰਡ ਬਰੇਲ</u>:-

ਪਿੰਡ ਬਰੇਲ ਦੇ ਸਾਰੇ ਸਿੰਘ ਕਤਲ ਕੀਤੇ ਗਏ ਹਨ। ਘਰਬਾਰ ਲੁਟ ਕੇ ਸਾੜ ਦਿਤੇ ਗਏ ਹਨ॥

੩੦- <u>ਪਿੰਡ ਨੜਾਲੀਂ</u>:-

ਪਿੰਡ ਨੜਾਲੀ ਦੇ ਸਿੱਖਾਂ ਦੇ ਸਾਰੇ ਘਰ ਸਾੜ ਕੇ ਸੁਆਹ ਕਰ ਦਿਤੇ ਗਏ ਹਨ। ਸਿੰਘਾਂ ਦਾ ਕੀ ਬਣਿਆ, ਅਜੇ ਤਕ ਕੁਝ ਪਤਾ ਨਹੀਂ॥

੩੧- <u>ਪਿੰਡ ਸੈਂਖ਼ਦ ਬਾਰਾਂ</u>:-

ਇਸ ਪਿੰਡ ਵਿਚ ੧੦੦ ਸਿੱਖ ਸਨ॥ ਦੋ ਦਿਨ ਹਮਲਾ ਹੁੰਦਾ ਰਿਹਾ। ੨੫ ਸਿੰਘ ਮਾਰੇ ਗਏ। ਗੁਰਦਵਾਰਾ ਤੇ ਖਾਲਸਾ ਹਾਈ ਸਕੂਲ ਤੇ ਸਿੰਘਾਂ ਦੇ ਘਰ ਸਾੜ ਕੇ ਸੁਆਹ ਕੀਤੇ ਗਏ॥ ਖਾਲਸਾ ਸਕੂਲ ਦੇ ਟੀਚਰਾਂ ਦੇ ਜ਼ਬਰਦਸਤੀ ਕੇਸ ਕਤਲ ਕੀਤੇ ਗਏ, ਬਾਕੀ ਸਿੱਖ ਬਚਕੇ ਆ ਗਏ ਹਨ।

੩੨- ਨੂਰੀ, ਨੜਾਲੀ, ਕ੍ਰਿਪਾ, ਚਰਾਹ, ਜਠੋ, ਝੰਗ ਪਿੰਡ, ਤਮੇਰ, ਅਕੜਾਲਾ, ਗੁਜਰਾ, ਦਾਦੂ, ਬਿਸਰੇਟ, ਚਕ ਬੀੜਾ ਸਿੰਘ, ਰਾਵਲ, ਘਗੋਰਟ, ਛੁਪਰਾ ਚਕ ਆਦਿ ਪਿੰਡਾਂ ਦੇ ਸਾਰੇ ਸਿੱਖ ਤੇ ਹਿੰਦੂਆਂ ਦੇ ਸਾਰੇ ਘਰ ਸਾੜੇ ਗਏ ਹਨ। ਲੋਕ ਰੀਲੀਫ ਕੈਂਪ ਵਿਚ ਰੁਲ ਰਹੇ ਹਨ॥

੩੩- ਮਰੀਂਬ ਵਿਚ ਹਿੰਦੂਆਂ ਤੇ ਸਿੱਖਾਂ ਦੀਆਂ ੬੭ ਕੀਮਤੀ ਕੋਠੀਆਂ ਸਾੜ ਕੇ ਸੁਆਹ ਕੀਤੀਆਂ ਗਈਆਂ। ਕਸ਼ਮੀਰ ਰਾਵਲਪਿੰਡੀ ਸੜਕ ਤੇ ਆਉਣ ਵਾਲੀਆਂ ਸਵਾਰੀਆਂ ਦਾ ਕੁਝ ਪਤਾ ਨਹੀਂ॥ ਇਹ ਗਿਣਤੀ ਬਹੁਤ ਭਾਰੀ ਹੈ॥ ਬਹੁਤ ਸਾਰੇ ਸਿੰਘ ਮਾਰੇ ਗਏ ਹਨ॥

੩੪- <u>ਕਲਰ</u>:-
ਅਧਾ ਪਿੰਡ ਸੜ ਗਿਆ ਹੈ। ਇਥੇ ਖਾਲਸਾ ਸਕੂਲ ਹੈ, ਅਤੇ ਸਿੰਘ ਡਟਕੇ ਮੁਕਾਬਲਾ ਕਰ ਰਹੇ ਹਨ॥

ਜ਼ਿਲਾ ਜਿਹਲਮ ਦੇ ਪਿੰਡ

ਜ਼ਿਲਾ ਜਿਹਲਮ ਦਾ ਵਡਾ ਕਸਬਾ ਚੁਵਿਆਲ ਬੰਬਾਂ ਨਾਲ ਤਬਾਹ ਕੀਤਾ ਗਿਆ ਹੈ। ਬਹੁਤ ਸਾਰੇ ਸਿੰਘ ਮਾਰੇ ਗਏ ਹਨ॥ ਜਿਹਲਮ ਦੇ ਬਾਕੀ ਦੇ ਪਿੰਡ ਵੀ ਕਤਲੋ ਗ਼ਾਰਤ ਦਾ ਮਕਾਮ ਬਣੇ ਹੋਏ ਹਨ। ਪਿੰਡ ਦੇ ਨੁਕਸਾਨ ਦਾ ਵੇਰਵਾ ਫੇਰ ਦਿਤਾ ਜਾਵੇਗਾ॥

ਰੀਲੀਫ ਕੈਂਪਾਂ ਵਿਚ ਹਜ਼ਾਰਾਂ ਸਿੱਖ ਮਰਦ, ਬਚੇ, ਇਸਤ੍ਰੀਆਂ, ਬਿਨਾਂ ਕਪੜੇ ਤੇ ਰੋਟੀ ਦੇ ਰੁਲ ਰਹੀਆਂ ਹਨ॥ ਦੋ ਹਜ਼ਾਰ ਦੇ ਲਗ ਪਗ ਵਿਧਵਾ ਇਸਤ੍ਰੀਆਂ ਦੀ ਚੀਖੋ ਪੁਕਾਰ ਨਾਲ ਹਾਹਾਕਾਰ ਮਚੀ ਹੋਈ ਹੈ। ਜਿਨ੍ਹਾਂ ਇਸਤ੍ਰੀਆਂ ਨੂੰ ਸਵੇਰੇ ਸੁਹਾਗ ਲਗੇ, ਉਹ ਸ਼ਾਮ ਨੂੰ ਵਿਧਵਾ ਹੋ ਚੁਕੀਆਂ ਸਨ। ਹਜ਼ਾਰਾਂ ਲੜਕੀਆਂ ਕਪੜੇ ਦੇ ਬਿਨਾਂ ਅਪਣੀਆਂ ਇਜ਼ਤਾਂ ਬਚਾਉਣ ਦੇ ਫਿਕਰ ਵਿਚ ਹਨ॥

ਸਿੰਘੋ! ਇਨ੍ਹਾਂ ਹਾਲਤਾਂ ਨੂੰ ਪੜ੍ਹੋ ਤੇ ਸੋਚੋ ਕਿ ਤੁਸਾਂ ਕੀ ਕਰਨਾ ਹੈ? ਇਨ੍ਹਾਂ ਬੇਗੁਨਾਹਾਂ ਦੇ ਖੂਨ ਕੀ ਅਜ਼ਾਈ ਚਲਾ ਜਾਵੇਗਾ॥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀਆਂ ਰਵਾਇਤਾਂ ਸ਼ਾਨਦਾਰ ਹਨ। ਜੇ ਸਿੰਘ ਖਤਮ ਨਹੀਂ ਹੋ ਗਿਆ, ਲਹੂ ਨਹੀਂ ਠੰਡਾ ਪੈ ਗਿਆ, ਬਾਹਾਂ ਦਾ ਬਲ ਖਤਮ ਨਹੀਂ ਹੋ ਗਿਆ, ਤਾਂ ਇਨ੍ਹਾਂ ਬੇਗੁਨਾਹਾਂ ਦੀ ਪੁਕਾਰ ਸੁਣੋ ਤੇ ਅਪਣਾ ਫਰਜ਼ ਪੂਰਾ ਕਰੋ॥

-*-*-*-*-*-*-
-*-*-*-*-*-
-*-*-*-*-
-*-*-*-
-*-*-
-*-
-

File No.16 Serial No.52

MEMORANDUM HANDED OVER TO SIR S. CRIPPS.

After giving careful consideration to the proposals which have now been published from the point of view of India's integrity and the Sikh position, we find them unacceptable because:-

1. Instead of maintaining and strengthening the integrity of India, specific provision has been made for separation of provinces and constitution of Pakistan and

2. The cause of the Sikh community has been lamentably betrayed. Ever since the British Advent our Community has fought for England in every battlefied of the Empire, and this is our reward that our position in the Punjab, which England promised to hold in trust, and in which we occupied a predominant position, has been finally liquidated.

Why should a province that fails to secure a three-fifths majority of its legislature, in which a community enjoys a statutory majority be allowed to hold a plebscite and given the benefit of a bare majority? In fairness this right should have been conceded to communities who are in a permanent minority in the legislature.

Further why should not the population of any area opposed to separation be given the right to record its verdict and to form an autonomous unit.

We are sure you know that the Punjab proper extended up to the banks of the Jhelum, excluding the Jhang and Multan Districts, and the trans-Jhelum area was added by the conquest of Maharaja Ranjit Singh and retained by the British for administrative convenience. It would be altogether unjust to allow the extraneous trans-Jhelum population, which only accidentally came into the province, to dominate the future of the Punjab proper.

We give below figures which abundantly prove our contention:-

From the boundary of Delhi to the banks of the Ravi river the population is divided as follows:-

Moslems	4,505,000
Sikhs and others non Moslems	7,646,000

From the Delhi boundary to the banks of the Jhelum river, excluding Multan and Jhang districts the population figures are:-

Moslems	8,288,000
Sikhs and other non-Moslems	9,348,000

To this may be added the population of the Sikh States of Patiala, Nabha, Jind, Kapurthala and Faridkot, which is about 2,600,000. Of this the Moslems constitute barely 20 per cent and this reduces the ratio of Moslem population still further.constrained to remark that nothing has been done by Government to rouse the enthusiasm of the Sikh Community in the way of recognition of its status in the sphere of the Cnetral Government of providing effective safeguards for it in the Punjab to which it was entitled on its unrivalled position__historical, political and ~~academic~~ economic.

The Sikhs were deeply disappointed at the differential treatment meted out to them under so-called 'Communal Award' of 1932. Inspite of their unique position in the Punjab they were not given the same weightage in the legislature as the Muslim minorities were given in other provinces. By way of illustration it may be stated that Muslims with 14.8 per cent population in U.P. were given 30 percent seats in the Provincial Assembly as against 18.8 per cent seats to the Sikhs in the Punjab with their 13.5 per cent populatic Their influence in the administration and political life of the Punjab was further weakened in the formation of the Provincial Cabinet.

Whereas in the days of dyarchy out of three Punjabis appointed as ministers and members of the Governor's Council, there was one Sikh from 1921 to 1926 and ~~xxx~~ one Sikh out of four Punjabis from 1926 to 1937, since the advent of the Provincial autonomy there has been only one Sikh out of total of six ministers. It will thus be observed that in the sphere of the supreme executive of the Province, the representation of Sikhs was reduced from 33 per cent to 25 per cent in 1926 and to 16 per cent in 1937. This progressive deterioration of the share of Sikhs

in the Punjab Cabinet is strongly resented by the Community as it has led to encroachment on their religious and cultural rights and the waning of their influence on the pax political and economic life of the Country.

We submit that under the existing constitution the strength of the Sikhs in the Punjab Cabinet should be maintained normally at 33 per cent and in no case below 25 per cent so that there may always be atleast two Sikh ministers in the Cabinet. We also feel that so long communal electorates continue to be the method of representation in the legislature, cabinet should be formed on coalition basis in the true sense of the word. We may here point out that when Ministries were functioning in all Provinces in U.P. where the percentage of the Moslem population is nearly the same as that of Sikhs in the Punjab, there # two Moslem minsters in a Cabinet of 6.

In the sphere of the Central Government, the Sikh Community inspite of its important state in the country, its sacred shrines scattered all over India and the valuable services that the Sikh soldiers and technicians are xxxxxxxxx rendering, has been unjustly treated. The Sikhs have suffered a great disillusionment by the deliberate neglect of their claims and ommission of any reference to the Sikh minority by British statesmen and the Viceroy of India in their statements made from time to time during the last ten years on the Indian question. It seems as if in their opinion, Muslims alone or the Depressed Sxx Classes sometimes, constitute the important minorities of India.

Although for seventeen years a Punjabee has been appointed on Viceroy's Council, no Sikh has ever been xxxxxx considered for such an appointment. Even at the time of the lx last expansion of the Executive Council, the claims of the Sikhs were entirely ignored.

In this connection we would like to invitex attention to the decisions of the Allahabad Unity Conference which were arrived between Hindus, Muslims and Sikhs in November 1932. Resolution No:4 regarding Cabinets reads as follows:-

1. "In the formation of the cabinet of the Central

Government so far as possible members belonging to the Muslim, Sikh and other minority communities of considerable numbers forming the Indian Nation shall be included by convention".

2. "Further during the first ten years x in the formation of the Central Government, <u>a seat shall be offered to</u> a member of the Sikh Commnity ".

Resolution No. 7 reads as under:-

(ii) "It is agreed that in the Central Legislature out of the total elected seats allots to British India 33 per cent shall be reserved for Muslims and 42/3 per cent of 14 seats out of 300 for Sikhs".

It will thus be observed that leading Indians of different communities recognised the importance of the Sikh minority and agreed to accommodate it in the Central Cabinet, and also to give it nearly 5 per cent representation in the Central Legislature.

We favour immediate transfer of power to Indian hands entrusting all portfolios including Defence to Indians with experience of public life We feel that in this way alone, the moral and material resources of India can be tapped to the fullest extent and Indians can participate in the war with full vigour and enthusiasm.

The Sikhs stand for National Unity and the integrity of India. They would like the Provinces to enjoy as wide a measure of autonomy as may be competible with Good Government in the Country as a whole but they also feel that any weakness at the centre will expose India to internal and external danger.

They are strongly opposed to the vivesection of India into two or three rival Dominions or sovereign states as is contemplated in the British proposals. They feel that such a step would lead to a state of perpetual strife and Civil war in the country.

If the object is to give self-determination to the Provinces in the matter of accession to the "Union of India", the right to stand and break the unity of India should not be exercised by a bare majority but x by a at least, 65 per cent of Indian members present at the meeting of provinc-

on the issue of secession is certain to lead to the inter-communal riots of most serious character and magnitude and should in no case be resorted to.

We are constrained to remark that the proposed scheme does not make any provisions for safe guarding the interests of the Sikh minority. The decisions of the consitution making body are to be by a bare majority and no provision is made for re-course to artbitration by the aggrieved party as even assured by Mahatma Gandhi in his statement on the Congress scheme of constituent assembly. The treaty which is proposed to be negotiated between the constitution making body and His Majesty's Government for protecting the religious and racial minorities in accordance with under-takings given by the British Government will have no sanction behind it. Besides, we are not sure how political rights which relate mainly to a share in the Legislature and the administration of the country will be incorporated in the treaty. The treaty might cover the cultural and religious and linguistic rights of minorities as such treat-ies in European countries after the last Great War did. But the undertakings given to the Sikhs by His Majesty's Government from time to time relate to the position and status of the Sikhs in governance of the country and not merely regarding the exercise of their religious or cultural rights.

The Sikhs, therefore, feel that they cannot attain their rightful position or can effectively protect their interests unless the Punjab is redistributed into two provinces with river Ravi as forming the boundary between them.

We might invite attention to the All India Muslem League Resolution the Lahore Session held in March, 1940 which is popularly known as the Pakistan Resolution.

"That no constitution would be workable in this country or acceptable to the Muslims unless it is designed on the following basic principle, viz. that geographically con-tiguous units are demarcated into regions which should be so constitued with such territorial readjustments as may be necessary that the areas in which Muslims are numerically

in aMajority, as in the North western and Eastern Zones of India, should be grouped to constitute Independent States in which the Constituent untis shall autonomous and sovereign."

A careful reading of the resolution discloses the fact the Moslem League itself visualised the readjustments of areas and inclusion in their separate state of only those areas in which the Moslems were in Majority.

The population of the Punjab is sodistributed that two western divisions of Rawalpindi and Multan are predominantly Moslems and the two Eastern division of Ambala and Jullundur are predominantly Non-Muslims. The three Central Districts of Amritsar Gurdaspur and Lahore have balanced population The separate figures of population for each district of the Punjab are attached as appendix to this statement. If a new province of contiguous area of the two divisions of Ambala and Jullundur plus the three districts of Lahore, Gurdaspur and Amritsar is carved out, it will have a total population of 12,151000 (according to 1931 Census) with Non-Muslims forming 63 percent and Muslims 37 per cent of the population. The other province to the west of river Ravi comprising of Multan and Rawalpindi Divisions plus the three Districts Sheikhupura, Sialkot and Gujranwala will have a total population 11,429,000, with Muslims forming 77.3 per cent and Non-Muslims 22.7 per cent of the population.

The Sikhs do not want to dominate but they would certainly not submit to the domination of a Community which is bent upon breaking the unity of India and imposing its personal laws and culture on the other sections of the population.

We submit that in any interim arrangement or in the permanent scheme the following safeguards should be provided either in the treaty which might be enforceable or in the constitution itself:-

1. By delimiting the present Provicnial boundaries of the Punjab, a new Province comprising of Ambala and Jullundur divisions with the three districts of Amritsar, Gurdaspur and Lahore be constituted.

2. The Sikh minority in the provinces be given the

same weightage and measure of protection as the Muslim minority.

3. So long as Communal electorates exist, provincial cabinets should be formed on coalition basis.

4. The Sikhs should be given 5 per cent representation in the Central Legislature.

5. A Sikh should always be given a seat in the cabinet of the Central Government.

6. A Defence Advisory Committee should be set up for advising the Indian Defence Minister and a Sikh should be given a seat on that Committee.

7. The position of the Sikhs in the Defence forces of India should be maintained in keeping with their past tradition and strength in those forces.

8. The share of the Sikhs should be fixed in provincial and all India services on the lines it has already been provided for the Muslims.

9. Religious laws of Sikhs enacted, may only be amended by the votes of the Majority of the Sikh members in the Legislature

10. No restrictions should be imposed by State in the exercise of the religious rights of the Sikhs in the matter of eatables and religious performances.

11. The State should provide for the teaching of Punjabi in Gurmukhi script where a certain fixed number of scholars is forthcoming.

Handed over to Sir Stafford Cripps
31.3.1942.

APPENDIX.

Muslims percentage in Population(1931)

Districts

Jullundur Division:-

1.	Kangra	5.5
2.	Simla	
3.	Hoshiarpur	31.8
4.	Jullundur	44.5
5.	Ludhiana	35.1
6.	Ferozepore	44.6

Lahore Division

12.	Amritsar	47.0
13.	Gurdaspur	50.8
14.	Lahore	59.2
15.	Sialkot	62.2

Ambala Division

7.	Hissar	28.3
8.	Rohtak	17.1
9.	Gurgaon	32.7
10.	Karnal	30.5
11.	Ambala	31.0

Gujranwala	70.8
17. Sheikhupura	64.1

18

MULTAN DIVISION.

18. Montgomery	69.8
19. Lyallpur	62.6
20. Jhang	83.2
21. Multan	80.3
22. Muzaffargarh	86.8
23. Dera Ghazi Khan	88.7

24.

RAWALPINDI DIVISION.

24. Gujrat	85.4
25. Shahpur	82.5
26. Jhelum	89.1
27. Rawalpindi	82.8
28. Attock	90.9
29. Mianwali	86.9

/

Application dated nil from the Hindus and Sikhs, residents of Village Balkssar to the Sub-Divisional Officer with copies to 1. D.C.Jhelum. (2) Superintenedent Police Jhelum. (3)O.C.Mily Chakwal Area.(4) H.E. The Governor Punjab, Lahore. (6)Hon'ble S.B. Singh Defence Member Govt of India, New Delhi (7) Shrumaney Gurdwara Parbandhak Committee, Amritsar (8)M.Tara Singh Amritsar. (9) Inspector of Police.

"We the residents of of Vill. Balkssar beg to bring the following fact to your kind notice for further necessary action.

"On eleventh March a Sikh was killed on the road in the evening the same night a mob about 300-400 men was called for the following leaders for an attack on Sikhs and Hindus of our village. By the grace of God, the chowdries of Balkssar (Ghazi Khan, Fazel Dad Khan, Hussain, Bakahsh Mohd. Khan and Fateh Khan etc) came to our help at our request and the whole night they tried their best to defend the village from this riot and the mob could not dare to entre the village and thus our lives and property was escaped.

"Being in minority cannot openly reported their names to you and the other other officers, it is therefore reported that necessary action may kindly be taken against them immiddiately as we espect danger at their hands any time. These names were also reported the Mily Officers who came here for prelimen report but it appears no action has been taken so far. The name of most dangerous and leading mischief makers are as under and necessary action should be taken against them immediately.

1. Telbh Mehdi Khan Zaildar Bhikhari Kalan with his son Jehan : they collected men by beat of drum in Bhikhari Kalan and send message to other villages to come for an attack.
2. Hyder Khan brother of Zaildar, Bhikhari Kalan.
3. Doraze Khan son of Ghulam Hussain nephew of Zaildar.
4. Pir Gulab Shah, Bhikhari Kalan.
5. Shehne gold smith of Bhikhari Klalan

6. Bunda son of Sharu weaver of Balkssar.

7. Mohd.Ahraf Lambardar son of Feroze Khan, Balkssar.

8. Allah Din son of Ghulm Meyo Din, Dhok Sial.

9. Ghulam Cadar of Attock Oil Company.

"No. 8 and 9 made spears (Bachhies) and distributed amongst other men."

Page 17 of the same file

List of affected villages of Jhelum Distt:

Ghug: This village is situated in Tehsil Chakwal and was attcked by the mob on the noon of 13th March when the local Sikhs had assembled in the Gurdwara in connection with the ceremony of "Akhand Path" (continuous recitation of Sikh Holy scripture) Out of 123 men, women and children present in the gurdwara, 116 were brutally butchered and thrown in-to the fire. A large number of babies were burnt alive. Mula Devi, Shanti, Lajwanti, and various other brave Sikh ladies dressed themselves in the men's dress and fought valiantly against the invaders. Master Dalip Singh, B.A.B.T., Headmaster Khalsa High School Narang, S.Asa Singh and many other prominent local gentlemen met death at the hands of raiders. 15/16 young girls were also kidnapped. Shrimati Devti burnt herself alive to save her honour and modesty. Yaqub Khan, Inam Khaur and his brothers are reported to have led the mob there.

GAH. This small vaillage was raided on the 13th noon. Local Gurdwara with its property worth several thousands was first set on fire. Twenty persons out of 100 present in the village are reported to have been murdered. All others were forcibly converted but have now been rescued by the troops. Sirpas Khan Pattidar Alias S/O Gulbaz, Shakra and their campanions are said to be the ring leaders of the miscreants.

NARVAL. Ten persons including two children and one woman out of a total of 125 were killed here on the 14th March. Mst.Bhagbhari, a blind old lady was cut into

pa pieces and then thrown into flames. Bhai Lachhman Singh Head Granthi was also torn limb by limb. Iqbal X Khan kxxkx Lambardar, Mian Ahmad Shah and his sms were mostly responsiblefor the tragedy in this village.

THANEIL KAMAL: A-bout 50/60 Sikhs and Hindus were present in this village on the day of attack xxx i.e. 13th March. The resieents of Mehro-Pilo are said to have invaded this village. Eight persons including S.Sulakhan Singh, S.Amir Singh and S.Budh Singh were killed while all o others were forcibly converted.

SARKAL KASSA: Sim Gurdwaras and forty out of 105 Sikh and Hindus houses were burnt here on 13th March by the m mob. Sixteen men, 7 women, and 20 children are said to have been butchered here. Six others received serious injuries.

NARANG. This prominent Sikh village was attacked by raiders from 11th to 13th March. Seven of its residents including two x women are reported to have been ki killed, while 20 others were forcibly converted. About 100 young girls of marriageable age were abducted from this village and 30/35 of them are still reported to be in t txxpx the possession of the raiders. Injabitants of Kurar, Karahi, who are very notorious for their unlawful and criminal activities are said to have been responsible for acts of loot, arson and atrocities in this village. The abducted girls are also stated to be in their forcible possession. Khan Buhadar Lambardar, Mohd Khan Sarbrah, Sikandar Khan were the leading ring leaders of the mob.

Besides the above mentioned villages of Ranjha, Mangwal, Bhagwal and Roopwal were also attacked and looted One Mehar Singh lost his life in Roopwal. Captain Habib Ullah is said to be the ring leader of the raiders who attacked Bhagwal.

/

Serial No. 10(1946-49) File No. 16 Riots
dated 17.3.1947.

Application/from refugees from Garhi Hibib-Ullah Tehsel Mansehra for an impartial enquiry into the riots there to (1) Governor N.W.F.P.
(2) Dr. Khan Sahib Premier N.W.F.P.
(3) Deputy Commissioner, Peshawar.
(4) Supdt of Police, Peshawar.

"Subject:- Application for impartial enquiry, redress and restoration of property to the helpless and unfortunate refugees of Garhi Habib-Ullah Tehsil Mansehra camping at Muzaffarabad, Kashmir.

"Most respectfully we beg to lay down a precise of the bloody incidents and cruilty done to the thinly populated Hindus and Sikhs of Garhi Habib Ullah.

"1. That on 18.12.1946 at 3 A.M. one Hindu Tilak Chand was abducted from his shop whose corpse was found floating in the Naainsukh river after one month. His Postmortem Examination was conducted in the local dispensary This incident made nervous and panicy as similar incidents were enforce in the remaining part of the Tehsil. We evacuated the town next morning leaving all our property there and entered in Muzaffarabad Kashmir for shelter. In connection with bussiness we occasionally used to go there on the assurance of Khan of Garhi and other Government officers. But open meetings were continuously held every Friday and processions taken out. One Friday i.e. on 14.3.47 a procession of about 2000 Mohammedans of Boi, Banda, Bhera, Dalol and other villages entered the town shouting slogans. On the very day the arrests of Latif Khan and other 2 persons were affected by the Government. Latif Khan is the brother of Khan of Garhi Habib Ullah. This enraged them and mean-while our houses were set on fire. 8 houses were burnt to ashes as result of the fire, including 2 Gurdawaras, 1 temple and 1 Gita Bawan. On the other side shops of S. Attar Singh (the richest person of the town) and Narain Singh were being looted. Besides this Ram Singh and Tirath Ram while escaping came into their clutches and were murdered. The whole

loss occurred this day is amounted to rupees one Lakh. The whole town has been evacuated by the Hindus and Sikhs and none of us can dare go there to see the dead-bodies and remaining property which is quite unsafe. In this incident we could hardly save our leves and could not bring any thing with us.

"It is,therefore, requested that necessary steps to bring to book the defaulters may kindly be taken and the loss thus caused made up."

Copy of the above submitted to Sharomani Gurdawara Committee Amritsar for information and favour of taking ~~sfx~~ necessary steps.
